


# معرفة الرب الحق

# ਸੱਚੇ ਰੱਬ ਦੀ ਪਹਿਚਾਣ

ਲੇਖਕ

ਮੁਹੰਮਦ ਖ਼ੁਬੈਬ ਨਦਵੀ

## ਤਤਕਰਾ

- ਸੱਚੇ ਰੱਬ ਦੀ ਪਹਿਚਾਣ 4
- ਮਨੁੱਖਾਂ ਨੂੰ ਰੱਬ ਦਾ ਦੁਨੀਆ ਵਿੱਚ ਭੇਜਣ ਦਾ ਮੰਤਵ 5
- ਸੱਚੇ ਰੱਬ ਨੂੰ ਪਹਿਚਾਨਣ ਦੀਆਂ ਕੁਝ ਨਿਸ਼ਾਨੀਆਂ 8
- ਰੱਬ ਨੂੰ ਸਮਝਣ ਲਈ ਇੱਕ ਉਦਾਹਰਣ 10
- ਮਾਲਕ ਦੇ ਮੁਕਾਬਲੇ ਮਨੁੱਖ ਦੀ ਹੈਸੀਅਤ ਅਤੇ ਦੋਵਾਂ ਵਿਚਕਾਰ ਅੰਤਰ 13
- ਮਨੁੱਖ ਆਪਣਾ ਰੱਬ ਕਿਸ ਨੂੰ ਮੰਨੇ ? 24
- ਰੱਬ ਨੂੰ ਪਰਖਣ ਦੀ ਇੱਕ ਕਸੌਟੀ 27
- ਪਹਿਲੀ ਵਿਸ਼ੇਸ਼ਤਾ 28
- ਦੂਜੀ ਵਿਸ਼ੇਸ਼ਤਾ 29
- ਤੀਜੀ ਅਤੇ ਚੌਥੀ ਵਿਸ਼ੇਸ਼ਤਾ 29
- ਪੰਜਵੀ ਵਿਸ਼ੇਸ਼ਤਾ 30
- ਅੱਲਾਹ ਦਾ ਚੈਲੇਂਜ 31
- ਸੱਚੇ ਰੱਬ ਦੀਆਂ ਕੁੱਝ ਹੋਰ ਵਿਸ਼ੇਸ਼ਤਾਵਾਂ 37
- ਇੱਕ ਅੱਲਾਹ ਨੂੰ ਛੱਡ ਕੇ ਹੋਰ ਬਹੁਤ ਸਾਰੇ ਮਨ-ਭਾਉਂਦੇ ਇਸ਼ਟਾਂ ਦੀ ਹਕੀਕਤ ਤੇ ਹੈਸੀਅਤ 40
- ਸੱਚੇ ਰੱਬ ਨੂੰ ਪਹਿਚਾਨਣ ਦੀ ਇੱਛ 42
- ਇੱਕ ਕੌੜਾ ਪ੍ਰਸ਼ਨ ਜਿਸਦਾ ਕੋਈ ਜਵਾਬ ਨਹੀਂ 45
- ਮੰਨ ਭਾਉਂਦੇ ਇਸ਼ਟਾਂ ਦੇ ਨਾਲ ਮਾੜਾ ਵਿਵਹਾਰ ਉਨ੍ਹਾਂ ਦਾ ਕੋਈ ਸਹਾਇਕ ਨਹੀਂ 47

- ਕੇਵਲ ਅੱਲਾਹ ਹੀ ਸੱਚਾ ਇਸ਼ਟ ਹੈ ਜਿਸ ਦੀ ਇਬਾਦਤ (ਪੂਜਾ) ਕੀਤੀ ਜਾਵੇ,ਨਾ ਕਿ ਕਿਸੇ ਹੋਰ ਦੀ 49
- ਸੁਣੀ ਅਣ ਸੁਣੀ ਨਾ ਕਰੋ 53
- ਅੱਲਾਹ ਨੂੰ ਆਪਣਾ ਰੱਬ ਮੰਨਣ ਦੇ ਲਾਭ ਅਤੇ ਖ਼ੁਸ਼ਖ਼ਬਰੀਆਂ 55
- ਗ਼ੁਲਾਮੀ ਤੋਂ ਛੁਟਕਾਰਾ 59
- ਅੱਲਾਹ ਨੂੰ ਆਪਣਾ ਰੱਬ ਮੰਨਣ 'ਤੇ ਖ਼ੁਸ਼ਖ਼ਬਰੀਆਂ 62
- ਅੱਲਾਹ ਨੂੰ ਆਪਣਾ ਰੱਬ ਮੰਨਣ 'ਤੇ ਰੱਬ ਵੱਲੋਂ ਬੰਦਿਆਂ ਨੂੰ ਖ਼ੁਸ਼ਖ਼ਬਰੀਆਂ 65
  ਪਹਿਲੀ ਖ਼ੁਸ਼ਖ਼ਬਰੀ 66
- ਦੂਜੀ ਖ਼ੁਸ਼ਖ਼ਬਰੀ 68
- ਤੀਜੀ ਖ਼ੁਸ਼ਖ਼ਬਰੀ 68
- ਚੌਥੀ ਖ਼ੁਸ਼ਖ਼ਬਰੀ 69
- ਅੱਲਾਹ ਨੂੰ ਆਪਣਾ ਰੱਬ ਮੰਨਣ ਦੇ ਸੰਸਾਰਕ ਲਾਭ 69

# ਸੱਚੇ ਰੱਬ ਦੀ ਪਹਿਚਾਨ

ਕੀ ਅਸੀਂ ਜ਼ਿੰਦਗੀ ਦੇ ਨਿੱਤ ਦੇ ਰੁਝੇਵਿਆਂ ਤੋਂ ਹਟ ਕੇ ਕਦੀ ਇਹ ਵੀ ਸੋਚਿਆ ਹੈ ਕਿ ਸਾਡੇ ਸਵੇਰੇ ਸ਼ਾਮ ਇਦਾਂ ਹੀ ਲੰਗਦੇ ਜਾਣਗੇ? ਅਸੀਂ ਇੰਝ ਹੀ ਜ਼ਿੰਦਗੀ ਹੰਢਾਉਂਦੇ ਜਾਵਾਂਗੇ? ਸਾਡੀ ਜ਼ਿੰਦਗੀ ਦਾ ਦੀਵਾ ਵੀ ਇੱਕ ਦਿਨ ਬੁਝ ਜਾਵੇਗਾ ? ਜੇਕਰ ਖਾਣਾ ਪੀਣਾ, ਮੌਜ ਮਸਤੀ ਕਰਨਾ ਹੀ ਜ਼ਿੰਦਗੀ ਹੈ ਤਾਂ ਅਜਿਹੀ ਜ਼ਿੰਦਗੀ ਜਾਨਵਰ ਵੀ ਜਿਉਂਦੇ ਹਨ ਤਾਂ ਸਾਡੇ ਅਤੇ ਜਾਨਵਰਾਂ ਵਿਚਕਾਰ ਕੀ ਅੰਤਰ ਹੋਇਆ ? ਮਨੁੱਖ ਜਾਨਵਰਾਂ ਨਾਲੋਂ ਕਿਤੇ ਉੱਚਾ ਅਤੇ ਵਧੀਆ ਪ੍ਰਾਣੀ ਹੈ ।ਰੱਬ ਨੇ ਮਨੁੱਖ ਨੂੰ ਅਕਲ ਅਤੇ ਸੋਚਣ ਸਮਝਣ ਦੀ ਸ਼ਕਤੀ ਦਿੱਤੀ ਹੈ,ਜਿਸ ਨਾਲ ਉਹ ਆਪਣੀ ਜ਼ਿੰਦਗੀ ਦੇ ਉਲਝੇਵੇਂ ਹੱਲ ਕਰਦਾ ਹੈ । ਕੀ ਅਸੀਂ ਕਦੇ ਇਹ ਸੋਚਿਆ ਕਿ ਅਸੀਂ ਇਸ ਦੁਨੀਆਂ ਵਿੱਚ ਕਿਉਂ ਆਏ ? ਸਾਨੂੰ ਪੈਦਾ ਕਰਨ ਵਾਲਾ ਕੌਣ ਹੈ ? ਉਸ ਪੈਦਾ ਕਰਨ ਵਾਲੇ ਰੱਬ ਦਾ ਮੰਤਵ ਕੀ ਹੈ ? ਉਹ ਸਾਡੇ ਤੋਂ ਕੀ ਚਾਹੁੰਦਾ ਹੈ ? ਕਿਉਂਕਿ ਅਸੀ ਜਾਣਦੇ ਹਾਂ ਕਿ ਕੋਈ ਵੀ ਮਨੁੱਖ ਦੇ ਕੋਈ ਵੀ ਕੰਮ ਬਿਨਾਂ ਮੰਤਵ ਤੋਂ ਨਹੀਂ ਕਰਦਾ । ਮਨੁੱਖ ਦੇ ਕੰਮ ਕਰਨ ਪਿੱਛੇ ਕੋਈ ਨਾ ਕੋਈ ਲੋੜ ਜਾਂ ਮਤਲਬ ਜ਼ਰੂਰ ਹੁੰਦਾ ਹੈ । ਕੀ ਰੱਬ ਸੱਚੇ ਨੇ ਸਾਨੂੰ ਬਨਾਂ ਮਕਸਦ ਤੋਂ ਹੀ ਪੈਦਾ ਕੀਤਾ ਹੈ ?

ਰੱਬ ਸੱਚਾ ਆਪਣੇ ਪਵਿੱਤਰ ਕਲਾਮ ਕੁਰਆਨ ਮਜੀਦ ਵਿੱਚ ਆਖਦਾ ਹੈ, ਜੋ ਕੀ ਉਸ ਰੱਬ ਨੇ ਆਪਣੇ ਆਖ਼ਰੀ ਨਬੀ ਹਜ਼ਰਤ ਮੁਹੰਮਦ (ਸਲੱਲਾਹੁ ਅਲੈਹਿਵਸਲੱਮ) 'ਤ ਆਪਣੇ ਫਰਿਸ਼ਤੇ ਰਾਹੀਂ ਭੇਜਿਆ ਅਤੇ ਨਾਲ ਹਾ ਹੁਕਮ ਦਿੱਤਾ ਸੀ ਕਿ ਆਮ ਲੋਕਾਂ ਤੱਕ ਇਹ ਸੁਨੇਹਾ ਨਾ ਕੇਵਲ ਪਹੁੰਚਾ ਦਿੱਤਾ ਜਾਵੇ, ਸਗੋਂ ਇਸ ਅਨੁਸਾਰ ਜਿੰਦਗੀ ਵੀ ਬਤੀਤ ਕਰਕੇ ਵਿਖਾਓ ।ਫਲਾਂ ਕੰਮ ਕਰੋ ਅਤੇ ।ਫਲਾਂ ਕੰਮ ਨਾ ਕਰੋ, ਇਸ ਕੰਮ ਵਿੱਚ ਮੇਰੀ ਖ਼ੁਸ਼ੀ ਹੈ ਅਤੇ ਇਸ ਕੰਮ ਵਿੱਚ ਮੇਰੀ ਨਰਾਜ਼ਗੀ ਹੈ। ਲੋਕਾਂ ਨੂੰ ਇਹ ਵੀ ਦੱਸ ਦਿਓ ਕਿ ਤੁਹਾਡੀ

ਜ਼ਿੰਦਗੀ ਸਿਰਫ਼ ਇਹੋ ਜ਼ਿੰਦਗੀ ਨਹੀਂ ਹੈ ਸਗੋਂ ਮਰਨ ਤੋਂ ਬਾਅਦ ਤੁਹਾਨੂੰ ਫੇਰ ਪੈਦਾ ਕੀਤਾ ਜਾਵੇਗਾ ।ਉਸ ਦਿਨ ਤੁਹਾਨੂੰ ਆਪਣੇ ਕਰਮਾਂ ਅਨੁਸਾਰ ਬਦਲਾ ਵੀ ਦਿੱਤਾ ਜਾਵੇਗਾ । ਇਹ ਨਬੀ (ਸ.)ਜਿਹੜੇ ਕਿ ਰੱਬ ਵੱਲੋਂ ਭੇਜੇ ਗਏ ਸਨ ਉਹ ਕੋਈ ਇੱਕ ਕੌਮ ਜਾਂ ਬਰਾਦਰੀ ਲਈ ਨਹੀਂ ਭੇਜੇ ਗਏ ਸੀ ਸਗੋਂ ਉਹ ਪੂਰੀ ਸਰਿਸ਼ਟੀ ਦੇ ਨਬੀ ਸਨ ਉਹਨਾਂ ਦਾ ਸੱਦਾ ਤੇ ਦਾਅਵਤ ਆਮ ਸੀ । ਵੱਡੇ-ਛੋਟੇ, ਅਮੀਰ-ਗ਼ਰੀਬ,ਕਾਲੇ –ਗੋਰੇ ਵਿਚਕਾਰ ਕੋਈ ਅੰਤਰ ਨਹੀਂ ਸੀ ।ਖ਼ੁਦ ਮੁਹੰਮਦ (ਸ.)ਦਾ ਇਹ ਕਹਿਣਾ ਹੈ:

*"ਮੈਂ ਤੁਹਾਡੇ ਸਾਰਿਆਂ ਵੱਲ ਰੱਬ ਦਾ ਭੇਜਿਆ ਹੋਇਆ ਆਖ਼ਰੀ ਅਤੇ ਸੱਚਾ ਨਬੀ ਹਾਂ, ਮੈਂ ਰੱਬ ਦਾ ਸੱਦਾ ਸਾਰੇ ਲੋਕਾਂ ਤੱਕ ਪਹੁੰਚਾਉਣਾ ਹੈ ।''*

## ਮਨੁੱਖਾਂ ਨੂੰ ਰੱਬ ਦਾ ਦੁਨਿਆ ਵਿੱਚ ਭੇਜਣ ਦਾ ਮੰਤਵ :

ਰੱਬ ਆਪਣੇ ਪਵਿੱਤਰ ਕਲਾਮ ਵਿੱਚ ਆਖਦਾ ਹੈ ਕਿ :-

''ਕੀ ਮਨੁੱਖ ਉੱਤੇ ਜ਼ਮਾਨੇ ਵਿੱਚ ਇੱਕ ਸਮਾਂ ਅਜਿਹਾ ਨਹੀਂ ਆਇਆ ਜਦ ਉਸ ਦੀ ਕੋਈ ਪਹਿਚਾਣ ਹੀ ਨਹੀਂ ਸੀ । (1)ਅਸਾਂ ਹੀ ਮਨੁੱਖ ਨੂੰ ਮਿਲੇ ਜੁਲੇ ਵੀਰਜ ਤੋਂ ਇਮਤਿਹਾਨ ਲਈ ਪੈਦਾ ਕੀਤਾ ਉਸ ਨੂੰ ਵੇਖਣ ਵਾਲਾ ਅਤੇ ਸੋਚਣ ਸਮਝਣ ਵਾਲਾ ਬਣਾਇਆ (2) ਅਸੀਂ ਉਸ ਨੂੰ ਰਾਹ ਦਿਖਾਈ ਹੁਣ ਭਾਵੇਂ ਉਹ ਸ਼ੁਕਰ ਕਰਨ ਵਾਲਾ ਬਣੇ ਅਤੇ ਭਾਵੇਂ ਨਾਸ਼ੁਕਰਾ ਬਣੇ"(3) (ਸੂਰਤ ਦਹਰ ਆਇਤ 1-3)

ਪਵਿੱਤਰ ਕੁਰਆਨ ਦੀ ਇਸ ਆਇਤ ਵਿੱਚ ਪਹਿਲਾਂ ਤਾਂ ਰੱਬ ਨੇ ਇੱਕ ਮਨੁੱਖ ਦੀ ਹੈਸੀਅਤ ਦੱਸੀ ਹੈ । ਜਦੋਂ ਉਹ ਆਪਣੀ ਮਾਂ ਦੀ ਕੁੱਖ ਵਿੱਚ ਸੀ । ਉਸ ਦੀ ਸੰਸਾਰ ਵਿੱਚ ਕੋਈ ਚਰਚਾ ਨਹੀਂ ਸੀ । ਕੋਲ ਕੋਈ ਤਾਕਤ 'ਤ ਸਮਝ ਨਹੀ ਸੀ । ਰੱਬ ਨੇ ਹੀ ਉਸ ਨੂੰ ਮਾਂ ਤੇ ਪਿਓ ਦੋਵਾਂ ਦੇ ਮਿਲੇ ਜੁਲੇ ਵੀਰਜ ਤੋਂ ਪੈਦਾ ਕੀਤਾ ਹੈ । ਦੂਜੀ ਗੱਲ ਇਹ ਦੱਸੀ ਗਈ ਹੈ

ਕਿ ਰੱਬ ਸੱਚੇ ਨੇ ਹੀ ਉਸ ਨੂੰ ਸੁਨਣ ਤੇ ਸੋਚਣ ਸਮਝਣ ਦੀ ਤਾਕਤ ਦਿੱਤੀ ਹੈ। ਉਸ ਨੂੰ ਠੀਕ ਤੇ ਗਲਤ ਰਾਹ ਦੱਸੀ। ਠੀਕ ਅਤੇ ਗ਼ਲਤ ਰਾਹ ਦੱਸਣ ਤੋਂ ਕੀ ਭਾਵ ਹੈ ?ਭਾਵ ਇਹ ਹੈ ਕਿ ਸਾਰੇ ਮਨੁੱਖ ਠੀਕ ਤੇ ਗ਼ਲਤ ਦਾ ਫ਼ਰਕ ਜਾਣ ਦੇ ਹਨ। ਜੇਕਰ ਕੋਈ ਮਾੜਾ ਮਨੁੱਖ ਵੀ ਚੰਗਾ ਕੰਮ ਕਰਦਾ ਹੈ ਤਾਂ ਉਸ ਨੂੰ ਖੁਸ਼ੀ ਹੁੰਦੀ ਹੈ, ਉਸ ਦੇ ਦਿਲ ਨੂੰ ਸਕੂਨ ਮਲਦਾ ਹੈ। ਇਸੇ ਤਰ੍ਹਾਂ ਕੋਈ ਚੰਗਾ ਮਨੁੱਖ ਮਾੜਾ ਕੰਮ ਕਰਦਾ ਹੈ ਤਾਂ , ਉਸ ਦੇ ਦਿਲ ਵਿੱਚ ਤਕਲੀਫ਼ ਹੁੰਦੀ ਹੈ। ਇਹ ਮਾਮਲਾ ਸਾਰੇ ਮਨੁੱਖਾਂ ਨਾਲ ਇੱਕੋ ਜਿਹਾ ਹੈ, ਇਸੇ ਸ਼ਰਧਾ ਤੇ ਭਾਵਨਾ ਨੂੰ ਕਿਹਾ ਜਾਂਦਾ ਹੈ ਕਿ ਰੱਬ ਸੱਚੇ ਨੇ ਮਨੁੱਖਾਂ ਨੂੰ ਚੰਗੇ ਅਤੇ ਮਾੜੇ ਦੀ ਪਛਾਣ ਦਿੱਤੀ ਹੈ। ਹੁਣ ਭਾਵੇਂ ਉਹ ਰੱਬ ਦਾ ਨਾ-ਸ਼ੁਕਰਾ ਬਣੇ ਜਾ ਸ਼ੁਕਰ ਕਰਨ ਵਾਲਾ ਬਣੇ। ਕਿਸੇ ਤੇ ਕੋਈ ਜ਼ੋਰ ਜ਼ਬਰਦਸਤੀ ਨਹੀਂ। ਸਭ ਨੂੰ ਕਰਮ ਦੀ ਅਜ਼ਾਦੀ ਹੈ। ਅੰਤ ਵਿੱਚ ਸਭ ਨੇ ਰੱਬ ਕੋਲ ਹੀ ਜਾਣਾ ਹੈ। ਇਹ ਸਭ ਕੁਝ ਕਰਨ ਦਾ ਮੂਲ ਮੰਤਵ ਕੀ ਹੈ ? ਖ਼ੁਦ ਪਵਿੱਤਰ ਕੁਰਆਨ ਵਿੱਚ ਹੈ:

***ਅਸਾਂ ਅਸਮਾਨ, ਜ਼ਮੀਨ ਅਤੇ ਜਿਹੜੀਆਂ ਵੀ ਚੀਜ਼ਾਂ ਇਹਨਾਂ ਦੇ ਵਿਚਕਾਰ ਹਨ ਇਹ ਖੇਲ ਤਮਾਸ਼ੇ ਦੇ ਤੌਰ ਤੇ ਨਹੀਂ ਪੈਦਾ ਕੀਤੀਆਂ।*** *( ਸੁਰਤ ਅਲ ਅੰਬੀਆ )*

ਇਸ ਆਇਤ ਤੋਂ ਪਤਾ ਲੱਗਦਾ ਹੈ ਕਿ ਰੱਬ ਨੇ ਇਹ ਸਰਿਸ਼ਟੀ ਐਵੇਂ ਹੀ ਨਹੀਂ ਬਣਾਈ ਸਗੋਂ ਉਸ ਦਾ ਮਕਸਦ ਵੱਡਾ ਹੈ। ਉਹ ਮਕਸਦ ਮਨੁੱਖ ਦਾ ਇਮਤਿਹਾਨ ਤੇ ਆਜ਼ਮਾਇਸ਼ ਹੈ। ਰੱਬੀ ਫ਼ਰਮਾਨ ਹੈ ਕਿ:

ਕੀ ਮਨੁੱਖ ਇਹ ਸਮਝਦਾ ਹੈ ਕਿ ਉਹ ਬੇਕਾਰ ਐਵੇਂ ਹੀ ਛੱਡ ਦਿੱਤਾ ਜਾਵੇਗਾ।(32)

(ਸੁਰਤ ਕਯਾਮਾ ਆਇਤ32)

ਮਨੁੱਖ ਨੂੰ ਇਸ ਧਰਤੀ ਤੇ ਬੇ-ਮੁਹਾਰਾ ਪੈਦਾ ਨਹੀਂ ਕੀਤਾ ਗਿਆ ਕਿ ਉਹ ਜੋ ਕੁਝ ਮਰਜ਼ੀ ਕਰਦਾ ਰੇਹੈ । ਫੇਰ ਕੁਰਆਨ ਵਿੱਚ ਰੱਬ ਸੱਚਾ ਆਖਦਾ ਹੈ ਕਿ :

ਬਹੁਤ ਹੀ ਬਰਕਤਾਂ ਵਾਲਾ ਹੈ ਉਹ ਅੱਲਾਹ ਜਿਸ ਦੇ ਹੱਥ ਵਿੱਚ ਬਾਦਸ਼ਾਹੀ ਹੈ ਅਤੇ ਉਹ ਹਰ ਚੀਜ਼ ਤੇ 'ਤੇ ਕੁਦਰਤ ਰੱਖਦਾ ਹੈ (1) ਉਸ ਨੇ ਮੌਤ ਅਤੇ ਜ਼ਿੰਦਗੀ ਇਸ ਲਈ ਬਣਾਈ ਤਾਂ ਜੋ ਤੁਹਾਨੂੰ ਆਜ਼ਮਾਏ (ਪਰਖੇ) ਕਿ ਤੁਹਾਡੇ ਵਿੱਚੋਂ ਚੰਗੇ ਕੰਮ ਕੌਣ ਕਰਦਾ ਹੈ (ਸੂਰਤ ਮੁਲਕ ਆਇਤ 2)

ਗੱਲ ਬਿਲਕੁਲ ਸਾਫ਼ ਹੈ ।ਉਹ ਰੱਬ ਜਿਹੜਾ ਇਸ ਦੁਨੀਆਂ ਦਾ ਮਾਲਿਕ ਅਤੇ ਬਾਦਸ਼ਾਹ ਹੈ, ਉਸ ਨੇ ਜ਼ਿੰਦਗੀ ਅਤੇ ਮੌਤ ਨੂੰ ਇਸ ਲਈ ਹੀ ਬਣਾਈਆ ਹੈ ਤਾਂ ਜੋ ਪਰਖ ਸਕੇ ਕਿ ਮਨੁੱਖਾਂ ਵਿੱਚੋਂ ਚੰਗੇ ਕੰਮ ਕੌਣ ਕਰਦਾ ਹੈ ?ਇਹੀ ਮਨੁੱਖਾਂ ਨੂੰ ਦੁਨੀਆ ਵਿੱਚ ਭੇਜਣ ਦਾ ਮਕਸਦ ਹੈ ।

ਕੁਰਆਨ ਦੇ ਇਸ ਵਾਕ ਵਿੱਚ ਰੱਬ ਆਖਦਾ ਹੈ ਕਿ ਮੈਂ ਮਨੁਖ ਨੂੰ ਇਸ ਲਈ ਪੈਦਾ ਕੀਤਾ ਹੈ ਕਿ" ਤੁਹਾਡੇ ਵਿੱਚੋਂ ਚੰਗੇ ਕੰਮ ਕੌਣ ਕਰਦਾ ਹੈ ।" ਅਸੀਂ ਜਾਣਦੇ ਹਾਂ ਕਿ ਚੰਗੇ ਕੰਮ ਤਾਂ ਬਹੁਤ ਹਨ, ਜਿਵੇਂ ਕਿ ਚੋਰੀ ਨਾਂ ਕਰਨਾ, ਝੂਠ ਨਾ ਬੋਲਣਾ, ਭੁੱਖੇ ਨੂੰ ਭੋਜਣ ਖਲਾਉਣਾ, ਗ਼ਰੀਬਾ ਦੀ ਸਹਾਇਤਾ ਕਰਨ ਆਦਿ। ਪਰ ਇਹਨਾਂ ਸਾਰੇ ਚੰਗੇ ਕੰਮਾਂ ਵਿੱਚੋਂ ਸੱਭ ਤੋਂ ਵੱਡਾ ਚੰਗਾ ਕੰਮ ਕੀ ਹੈ ? ਉਹ ਇਹ ਹੈ ਕਿ ਸਭ ਤੋਂ ਪਹਿਲਾਂ ਆਪਣੇ ਪੈਦਾ ਕਰਨ ਵਾਲੇ ਮਾਲਿਕ ਨੂੰ ਪਛਾਣਿਆ ਜਾਵੇ ਅਤੇ ਉਸ ਤੋਂ ਛੁੱਟ ਕਿਸੇ ਹੋਰ ਅੱਗੇ ਝੁਕਿਆ ਨਾ ਜਾਵੇ । ਵੱਡੇ ਤੋਂ ਵੱਡਾ ਪੀਰ, ਫ਼ਕੀਰ, ਜੋਤਸ਼ੀ, ਬਾਬਾ ਜਾਂ ਕੋਈ ਵਲੀ ਹੀ ਕਿਉਂ ਨਾ ਹੋਵੇ ਉਸ ਰੱਬ ਤੋਂ ਛੁੱਟ ਕਿਸੇ ਦਾ ਵੀ ਆਪਣੇ ਦਿਲ ਵਿੱਚ ਡਰ ਨਾ ਹੋਵੇ ਅਤੇ ਉਸ ਰੱਬ ਤੋਂ ਛੁੱਟ ਕਿਸੇ ਹੋਰ ਤੋਂ ਕੰਮ ਬਣਨ ਜਾਂ ਵਿਗਾੜਣ ਦੀ ਉਮੀਦ ਨਾ ਹੋਵੇ। ਇਹ ਕੰਮ ਜਿਹੜੇ ਉਪਰ ਗਿਣੇ ਗਏ ਹਨ ਸਭ ਤੋਂ ਚੰਗੇ ਕੰਮ ਹਨ। ਕਿਉਂਕਿ ਇਹ ਹੱਕ ਜਿਹੜੇ ਉਪਰ ਦੱਸੇ ਗਏ ਹਨ ਕੇਵਲ

ਇੱਕ ਅੱਲਾਹ ਲਈ ਹਨ । ਉਸ ਅੱਗੇ ਹੀ ਝੁਕਿਆ ਜਾਵੇ ਅਤੇ ਹਰ ਪ੍ਰਕਾਰ ਦੀ ਮੰਨਤ-ਮੁਰਾਦ ਉਸ ਦੇ ਲਈ ਮੰਨੀ ਜਾਵੇ ।ਦਿਲ ਵਿੱਚ ਹਰ ਤਰ੍ਹਾਂ ਦਾ ਡਰ ਕੇਵਲ ਇੱਚ ਅੱਲਾਹ ਲਈ ਹੀ ਹੋਵੇ। ਸਾਨੂੰ ਪੈਦਾ ਕਰਨ ਵਾਲਾ ਇੱਕ ਅੱਲਾਹ ਹੈ ਤਾਂ ਸਾਨੂੰ ਚੰਗੇ ਅਤੇ ਭਲਾਈ ਦੇ ਕੰਮ ਕਰਨ ਤੋਂ ਪਹਿਲਾਂ ਉਸ ਅੱਲਾਹ ਦੇ ਹੱਕ ਨੂੰ ਵੀ ਜਾਣਨਾ ਚਾਹੀਦਾ ਹੈ। ਜੇਕਰ ਅਸੀਂ ਚੰਗੇ ਅਤੇ ਭਲਾਈ ਦੇ ਕੰਮ ਕਰਦੇ ਰਹੀਏ ਪ੍ਰੰਤੂ ਉਸ ਅੱਲਾਹ ਦੇ ਹੱਕਾਂ ਨੂੰ ਅਦਾ ਨਾ ਕਰੀਏ ਜਿਸ ਨੇ ਪੈਦਾ ਕੀਤਾ ਹੈ ਤਾਂ ਫੇਰ ਅਜਿਹੇ ਚੰਗੇ ਅਤੇ ਭਲੇ ਕੰਮਾਂ ਦਾ ਕੋਈ ਖ਼ਾਸ ਫ਼ਾਇਦਾ ਹਾਸਲ ਹੋਣ ਵਾਲਾ ਨਹੀਂ। ਅਸੀਂ ਆਪਣੇ ਪੈਦਾ ਕਰਨ ਵਾਲੇ ਮਾਲਕ ਨੂੰ ਨਾਰਾਜ਼ ਕਰਕੇ ਲੋਕਾਂ ਨੂੰ ਖੁਸ਼ ਕਰੀਏ ਤਾਂ ਫੇਰ ਅਜਿਹੇ ਕੰਮ ਅਜਾਈਂ ਹਨ ।

## ਸੱਚੇ ਰੱਬ ਨੂੰ ਪਹਿਚਾਨਣ ਦੀਆਂ ਕੁਝ ਨਿਸ਼ਾਨੀਆਂ :

ਅਸੀਂ ਆਪਣਾ ਰੱਬ ਕਿਸ ਨੂੰ ਮੰਨੀਏ ? ਕਿਸ ਅੱਗੇ ਮੱਥਾ ਟੇਕੀਏ ? ਸਾਡਾ ਉਹ ਰੱਬ ਜਿਸ ਨੇ ਸਰਿਸ਼ਟੀ ਨੂੰ ਪੈਦਾ ਕੀਤਾ ਅਤੇ ਬੇ-ਮਤਲਬ ਨਹੀਂ ਪੈਦਾ ਕੀਤਾ,ਸਗੋਂ ਇੱਕ ਮਕਸਦ ਵੱਜੋਂ ਪੈਦਾ ਕੀਤਾ ਹੈ। ਹੁਣ ਜਿਸ ਨੇ ਸਾਨੂ ਮਕਸਦ ਦੇ ਤਹਿਤ ਪੈਦਾ ਕੀਤਾ ਉਹ ਕੌਣ ਹੈ ? ਉਸ ਦੀ ਪਹਿਚਾਣ ਕਿਸ ਤਰ੍ਹਾ ਹੋਵੇਗੀ ?ਉਹ ਰੱਬ ਸੱਚਾ ਆਪਣੀ ਪਹਿਚਾਣ ਸਬੰਧੀ ਆਖਦਾ ਹੈ :

"ਛੇਤੀ ਹੀ ਅਸੀਂ ਉਨ੍ਹਾਂ ਨੂੰ ਆਪਣੀਆਂ ਨਿਸ਼ਾਨੀਆਂ ਸਰਿਸ਼ਟੀ ਵਿੱਚ ਦਿਖਾਵਾਂਗੇ ਅਤੇ ਖ਼ੁਦ ਉਨ੍ਹਾਂ ਦੇ ਆਪਣੇ ਸਰੀਰ ਵੱਚ ਵੀ,ਇੱਥੇ ਤੱਕ ਕਿ ਉਨ੍ਹਾਂ ਉੱਤੇ ਖ਼ੁੱਲ੍ਹ ਜਾਵੇ ਕਿ ਇਹੀ ਹੱਕ ਹੈ ।"

(ਸੁਰਤ ਹਾ-ਮੀਮ,ਸਜਦਾ ਆਇਤ53)

ਰੱਬ ਕੁਰਆਨ ਦੀ ਇਸ ਆਇਤ ਵਿੱਚ ਦੱਸਦਾ ਹੈ ਕਿ ਏ ਲੋਕੋ ! ਤੁਹਾਨੂੰ ਮੇਰੀ ਪਛਾਣ ਇਸ ਸਰਿਸ਼ਟੀ ਵਿੱਚ ਵੀ ਵਿਖਾਈ ਦੇਵੇਗੀ ਅਤੇ ਖ਼ੁਦ ਤੁਹਾਡੇ ਅੰਦਰ ਵੀ ਮੇਰੀ

ਪਛਾਣ ਛੁਪੀ ਹੈ ।ਤੁਹਾਨੂੰ ਇਹ ਪਛਾਣ ਉਦੋਂ ਹੀ ਦਿਖੇਗੀ ਜਦੋਂ ਤੁਸੀਂ ਦਿਲ ਦੀ ਅੱਖ ਨਾਲ ਵੇਖੋਗੇ, ਅਤੇ ਆਪਣੀ ਅਕਲ ਦੀ ਵਰਤੋਂ ਕਰੋਗੇ ।ਰੱਬ ਭਾਂਵੇ ਵਿਖਾਈ ਤਾਂ ਨਹੀਂ ਦਿੰਦਾ ਪਰ ਮਹਿਸੂਸ ਜ਼ਰੂਰ ਹੁੰਦਾ ਹੈ।ਜਿਹੜੀ ਚੀਜ਼ ਮਹਿਸੂਸ ਹੋਵੇ ਉਹ ਵੇਖਣ ਨਾਲੋਂ ਵੱਧ ਪ੍ਰਭਾਵਸ਼ਾਲੀ ਹੁੰਦੀ ਹੈ, ਜਿਵੇਂ ਕਿ ਜਦੋਂ ਅਸੀਂ ਗਰਮੀ ਨਾਲ ਪਸੀਨੇ-ਪਸੀਨੇ ਹੁੰਦੇ ਹਾਂ ਤਾਂ ਉਹ ਠੰਢੀਆਂ ਹਵਾਵਾਂ ਰਾਹੀਂ ਜਿਹੜੀਆਂ ਰੱਬ ਵੱਲੋਂ ਚੱਲਦੀਆਂ ਹਨ,ਸੁਖ ਤੇ ਚੈਨ ਦੀ ਸਾਹ ਆਉਂਦੀ ਹੈ। ਜੇ ਅਸੀਂ ਇਨ੍ਹਾਂ ਹਵਾਵਾਂ ਨੂੰ ਵਿਖਣਾ ਚਾਹੀਏ ਤਾਂ ਕਦੀ ਨਹੀਂ ਵੇਖ ਸਕਦੇ ।ਪਰ ਉਦੋਂ ਮਹਿਸੂਸ ਜ਼ਰੂਰ ਕਰਦੇ ਹਾਂ ਜਦੋਂ ਇਹ ਸਾਡੇ ਸਰੀਰ ਨੂੰ ਸਕੂਨ ਅਤੇ ਆਰਾਮ ਦਿੰਦੀਆਂ ਹਨ ।ਜੇਕਰ ਕੋਈ ਇੱਕ ਮਨੁੱਖ ਦੂਜੇ ਨੂੰ ਥੱਪੜ ਮਾਰਦਾ ਹੈ ਤਾਂ ਇਸ ਨਾਲ ਜਿਹੜੀ ਤਕਲੀਫ਼ ਦੂਜੇ ਨੂੰ ਹੋਈ, ਉਹ ਕਦੀ ਵੀ ਨਾਂ ਤਾਂ ਉਸ ਤਕਲੀਫ਼ ਨੂੰ ਵੇਖ ਸਕਦਾ ਹੈ ਅਤੇ ਨਾ ਹੀ ਕਿਸੇ ਦੂਜੇ ਨੂੰ ਆਪਣਾ ਦਰਦ ਦਿਖਾ ਸਕਦਾ ਹੈ। ਉਹ ਮਨੁੱਖ ਜਿਸ ਨੂੰ ਤਕਲੀਫ਼ ਹੁੰਦੀ ਹੈ ਉਹ ਤਾਂ ਕੇਵਲ ਇਸ ਦੁੱਖ ਨੂੰ ਮਹਿਸੂਸ ਹੀ ਕਰ ਸਕਦਾ ਹੈ ਅਤੇ ਦੂਜਿਆਂ ਨੂੰ ਮਹਿਸੂਸ ਕਰਨ ਸਬੰਧੀ ਦੱਸਦਾ ਹੈ ।ਇਨ੍ਹਾਂ ਮਿਸਾਲਾਂ ਤੋਂ ਅਸੀਂ ਸਮਝ ਸਕਦੇ ਹਾਂ ਕਿ ਉਹ ਰੱਬ ਜਿਹੜਾ ਕਿ ਇਸ ਸਰਿਸ਼ਟੀ ਨੂੰ ਚਲਾ ਰਿਹਾ ਹੈ ਭਾਂਵੇਂ ਕਿ ਵਿਖਾਈ ਨਹੀਂ ਦਿੰਦਾ ਪਰ ਮਹਿਸੂਸ ਹੁੰਦਾ ਹੈ ਅਤੇ ਮਹਿਸੂਸ ਹੋਣ ਵਾਲੀ ਚੀਜ਼ ਦੇਖਣ ਨਾਲੋ ਵੱਧ ਪ੍ਰਭਾਵਸ਼ਾਲੀ ਹੁੰਦੀ ਹੈ ।ਰੱਬ ਸੱਚੇ ਦੀਆਂ ਨਿਸ਼ਾਨਿਆਂ ਦੋ ਚੀਜ਼ਾਂ ਰਾਂਹੀ ਮਹਿਸੂਸ ਹੁੰਦੀਆਂ ਹਨ । 1.ਕੁਦਰਤੀ ਵਾਤਾਵਾਰਨ ਵਿੱਚ 2.ਇੰਸਾਨੀ ਸਰੀਰ ਵਿੱਚ ਰੱਬ

## ਰੱਬ ਨੂੰ ਸਮਝਣ ਲਈ ਇੱਕ ਉਦਾਹਰਣ :

ਜੇਕਰ ਕੋਈ ਮਨੁੱਖ ਸਾਨੂੰ ਕਹਿੰਦਾ ਹੈ ਕਿ ਇੱਕ ਪਰਚੂਨ ਦੀ ਦੁਕਾਨ ਹੈ ।ਨਾ ਕੋਈ ਉਸ ਦੁਕਾਨ ਨੂੰ ਚਲਾਉਣ ਵਾਲਾ ਹੈ ਪਰ ਫੇਰ ਵੀ ਉਹ ਆਪਣੇ ਆਪ ਚੱਲ ਰਹੀ ਹੈ ਭਾਵ ਆਪਣੇ ਆਪ ਸਾਮਾਨ ਵਿਕ ਰਿਹਾ ਹੈ ਜਿਹੜਾ ਸਾਮਾਨ ਖ਼ਤਮ ਹੋ ਰਿਹਾ ਹੈ ਉਹ ਆਪਣੇ ਆਪ ਦੁਬਾਰਾ ਦੁਕਾਨ ਦੇ ਅੰਦਰ ਭਰਿਆ ਵੀ ਜਾ ਰਿਹਾ ਹੈ ਅਤੇ ਗਾਹਕਾਂ ਦੀਆਂ ਲੋੜਾਂ

ਬਿਨਾ ਦੁਕਾਨਦਾਰ ਤੋਂ ਪੂਰੀਆਂ ਹੋ ਰਹੀਆਂ ਹਨ ।ਕੀ ਅਸੀਂ ਇਸ ਗੱਲ ਨੂੰ ਮੰਨ ਲਵਾਂਗੇ ?ਸੱਚ ਇਹੋ ਹੈ ਕਿ ਅਸੀਂ ਕਦੀ ਵੀ ਇਸ ਗੱਲ ਨੂੰ ਨਹੀਂ ਮੰਨ ਸਕਦੇ ਸਗੋਂ ਅਸੀਂ ਇਹੋ ਜਿਹੀ ਗੱਲ ਕਰਨ ਵਾਲੇ ਮਨੁੱਖ ਨੂੰ ਪਾਗਲ ਨਹੀਂ ਕਹਾਂਗੇ ਤਾਂ ਹੋਰ ਕੀ ਕਹਾਂਗੇ ?ਜਦੋਂ ਇੱਕ ਛੋਟੀ ਜਿਹੀ ਦੁਕਾਨ,ਚਾਲਕ ਤੋਂ ਬਗ਼ੈਰ ਨਹੀਂ ਚਲ ਸਕਦੀ ਤਾਂ ਇੰਨੀ ਵੱਡੀ ਦੁਨੀਆਂ ਇੱਕ ਰੱਬ ਤੋਂ ਬਿਨਾਂ ਕਿਵੇਂ ਚੱਲ ਰਹੀ ਹੈ ?ਦਿਨ ਆਪਣੇ ਸਹੀ ਸਮੇਂ ਅਨੁਸਾਰ ਚੜ੍ਹਦਾ ਹੈ, ਰਾਤ ਵੀ ਰਾਤ ਵੀ ਆਪਣੇ ਸਹੀ ਸਮੇਂ ਅਨੁਸਾਰ ਆਉਂਦੀ ਹੈ, ਸੂਰਜ ਦਾ ਨਿੱਕਲਣਾ ਤੇ ਡੁੱਬਣਾ, ਚੰਨ ਦਾ ਨਿੱਕਲਣਾ ਤੇ ਡੁੱਬਣਾ, ਹਵਾਵਾਂ ਚੱਲਣੀਆਂ, ਮੀਂਹ ਦਾ ਅਸਮਾਨ ਵਿੱਚੋਂ ਵਰਸਣਾ, ਸਰਦੀ-ਗਰਮੀ ਦਾ ਆਉਣਾ-ਜਾਣਾ, ਇਸ ਤਰ੍ਹਾਂ ਦੀਆਂ ਅਨੇਕਾਂ ਤਬਦੀਲੀਆਂ ਹਰ ਰੋਜ਼ ਦੁਨੀਆਂ ਵਿੱਚ ਸਾਡੀਆਂ ਅੱਖਾਂ ਦੇ ਸਾਹਮਣੇ ਹੋਰਹੀਆਂ ਹਨ ਕੀ ਅਸੀਂ ਕਦੀ ਸੋਚਿਆ ਹੈ ਕਿ ਇਹ ਸਭ ਕੁਝ ਕਿਵੇਂ ਹੋ ਰਿਹਾ ਹੈ ?ਇਸ ਨੂੰ ਕਰਨ ਵਾਲਾ ਕੋਣ ਹੈ?ਜਦ ਕਦੀ ਮਨੁੱਖ ਇਸ ਰਾਹ ਵੱਲ ਚਲਦਾ ਹੋਇਆ ਰੱਬ ਦੀ ਦਿੱਤੀ ਹੋਈ ਅਕਲ ਦੀ ਵਰਤੋਂ ਕਰਦਾ ਹੈ ਤਾਂ ਉਹ ਬਹੁਤ ਛੇਤੀ ਆਪਣੇ ਸੱਚੇ ਰੱਬ ਨੂੰ ਹਾਸਿਲ ਕਰ ਲੈਂਦਾ ਹੈ ।ਇਹ ਸਾਰੀਆਂ ਤਬਦੀਲਿਆਂ ਜਿਹੜੀਆਂ ਸਰਿਸ਼ਟੀ ਵਿੱਚ ਹੋ ਰਹੀਆਂ ਹਨ।ਇਨ੍ਹਾਂ ਸਾਰਿਆਂ ਤਬਦੀਲੀਆਂ ਦੇ ਵਾਪਰਣ ਲੱਗਿਆਂ ਕੋਈ ਦੁਰਘਟਨਾਂ ਵੀ ਨਹੀਂ ਹੁੰਦੀ ।ਰੱਬ ਦੇ ਨਿਜ਼ਾਮ(ਕਾਨੂਨ) ਵਿੱਚ ਅਤੇ ਰੱਬ ਦੇ ਕੰਮਾਂ ਵਿੱਚ ਕੋਈ ਕਿਸੇ ਤਰ੍ਹਾਂ ਦੀ ਭੁੱਲ-ਚੁੱਕ ਜਾਂ ਅਣਗਹਿਲੀ ਵੀ ਕਦੀ ਨਹੀਂ ਹੁੰਦੀ ।ਕੀ ਕਦੀ ਅਸੀਂ ਅਜਿਹਾ ਵੇਖਿਆੱ ਹੈ ਕਿ ਸੂਰਜ ਪੂਰਬ ਦੀ ਥਾਂ ਪੱਛਮ ਤੋਂ ਨਿਕਲਦਾ ਹੋਵੇ ਅਤੇ ਪੱਛਮ ਦੀ ਥਾਂ ਪੂਰਬ ਵਿੱਚ ਡੁੱਬਦਾ ਹੋਵੇ ? ਕੀ ਅਸੀਂ ਕਦੀ ਵੇਖਿਆ ਹੈ ਕਿ ਰਾਤ ਦੇ ਘੁੱਪ ਹਨੇਰੇ ਵਿੱਚ ਸੂਰਜ ਨਿੱਕਲਿਆ ਹੋਵੇ ?ਕੀ ਕਦੀ ਇਹ ਵੀ ਹੋਇਆ ਹੈ ਕਿ ਰਾਤ ਇੱਕ ਦਮ ਵੀਹ (20)ਘੰਟਿਆ ਦੀ ਹੋ ਗਈ ਹੋਵੇ ਅਤੇ ਦਿਨ ਸਿਰਫ਼ ਚਾਰ ਘੰਟਿਆ ਦਾ ਰਹਿ ਗਿਆ ਹੋਵੇ ਇਹ ਘੱਟਨਾਵਾਂ ਕਦੇ ਨਹੀਂ ਹੁੰਦੀਆਂ ।ਕਿਉਂਕਿ ਇਸ ਸਰਿਸ਼ਟੀ ਨੂੰ ਚਲਾਉਣ ਵਾਲਾ ਸਿਰਿਫ਼ ਇੱਕ ਹੀ ਰੱਬ ਹੈ ।ਜੇਕਰ ਰੱਬ

ਇੱਕ ਤੋਂ ਵੱਧ ਹੁੰਦੇ ਤਾਂ ਉਨ੍ਹਾਂ ਦਾ ਆਪਸ ਵਿੱਚ ਟਕਰਾਓ ਜ਼ਰੂਰ ਹੁੰਦਾ ।ਇੱਕ ਕਹਿੰਦਾ ਕਿ ਮੈਂ ਦਿਨ ਚੜ੍ਹਾਓਣਾ ਹੈ ਅਤੇ ਦੂਜਾ ਕਹਿੰਦਾ ਕਿ ਮੈਂ ਰਾਤ ਲਿਆਓਣੀ ਹੈ ।ਪਰ ਰੱਬ ਸੱਚੇ ਦੀ ਪ੍ਰਕਿਰਿਆ ਵਿੱਚ ਕੋਈ ਨੁਕਸਾਨ ਨਹੀਂ ਹੈ ।ਉਹ ਸੱਚਾ ਰੱਬ ਲੋਕਾਂ ਨੂੰ ਚੈਲੇਂਜ ਕਰਦਾ ਹੈ ਕਿ ਲੋਕੋ ਮੇਰੀ ਕਾਰੀਗਰੀ ਵਿੱਚ,ਮੇਰੀਆਂ ਬਣਾਈਆਂ ਚੀਜ਼ਾਂ ਵਿੱਚ ਕੋਈ ਨੁਕਸ ਜਾਂ ਕੋਈ ਕਮੀ ਕੱਢ ਕੇ ਵਿਖਾਓ ।ਮੈਂ ਧਰਤੀ ਅਤੇ ਆਸਮਾਨਾਂ ਨੂੰ ਬਣਾਇਆ ।ਕੀ ਇਸ ਦੀ ਬਣਤਰ ਦੇ ਵਿੱਚ ਕਿਸੇ ਤਰ੍ਹਾਂ ਦੀ ਕੋਈ ਕਮੀ ਹੈ ? ਉਹ ਸੱਚਾ ਰੱਬ ਆਪਣੇ ਪਵਿੱਤਰ ਕਲਾਮ ਵਿੱਚ ਆਖਦਾ ਹੈ :

"ਉਸ ਰੱਬ ਨੇ ਸੱਤ ਅਮਾਨਾਂ ਨੂੰ ਉੱਪਰ ਥੱਲੇ ਪੈਦਾ ਕੀਤਾ ਐ ਵੇਖਣ ਵਾਲੇ ਤੂੰ ਰਹਿਮਾਨ ਦੀ ਪੈਦਾਇਸ਼ ਵਿੱਚ ਕੋਈ ਬੇਢੰਗੀ ਨਹੀਂ ਵੇਖੇਂਗਾ ਦੁਬਾਰਾ ਨਜ਼ਰ ਪਾ ਕੇ ਵੇਖ ਲੈ ਕਿ ਕੋਈ ਤਰੇੜ ਨਜ਼ਰ ਆ ਰਹੀ ?(3)ਫੇਰ ਮੁੜਕੇ ਦੁਬਾਰਾ ਵੇਖ ਲੈ ਤੇਰੀ ਨਜ਼ਰ ਤੇਰੇ ਵੱਲ ਖੱਜਲ ਅਤੇ ਅਸਫ਼ਲ ਹੋ ਕੇ ਮੁੜ ਆਏਗੀ ?" ਸੂਰਤ ਮੁਲਕ,ਆਇਤ 3,4

1.ਦੁਨੀਆਂ ਦੀ ਰਚਨਾ ਵਿੱਚ ਕਿਸੇ ਤਰ੍ਹਾਂ ਦੀ ਕੋਈ ਕਮੀ ਜਾਂ ਨੁਕਸਾਨ ਨਹੀਂ ਹੈ ।

2.ਰੱਬ ਵਾਰ-ਵਾਰ ਚੈਲੇਂਜ ਕਰ ਰਿਹਾ ਹੈ ਕਿ ਸਰਿਸ਼ਟੀ ਦੀ ਬਣਤਰ ਵਿੱਚ ਵਾਰ-ਵਾਰ ਵੇਖਣ ਨਾਲ ਵੀ ਕੋਈ ਕਮੀ ਨਜ਼ਰ ਨਹੀਂ ਆਵੇਗੀ ।

3.ਰੱਬ ਦੀ ਸ਼ਕਤੀ ਅਤੇ ਵਿਉਂਤ ਨੂੰ ਦਰਸਾਉਂਦੀਆਂ ਇਹ ਸਰਿਸ਼ਟੀ ਦੀਆਂ ਨਿਸ਼ਾਨੀਆਂ ਹਨ ਜਿਹੜੀਆਂ ਕਿ ਉਸ ਦੀ ਹੋਂਦ ਵੱਲ ਸਪੱਸ਼ਟ ਇਸ਼ਾਰਾ ਕਰਦੀਆਂ ਹਨ ।

ਰੱਬ ਆਪਣੇ ਕਲਾਮ ਵਿੱਚ ਅਕਲਮੰਦਾਂ ਬਾਰੇ ਦੱਸਦਾ ਹੈ ਕਿ ਸਹੀ ਅਕਲਮੰਦ ਕੌਣ ਹਨ ?ਅਤੇ ਉਨ੍ਹਾਂ ਦੀ ਸੋਚ ਕਿੱਦਾਂ ਦੀ ਹੁੰਦੀ ਹੈ ?

"ਅਸਮਾਨਾਂ ਅਤੇ ਜ਼ਮੀਨ ਦੀ ਪੈਦਾਇਸ਼ (ਰੱਚਨਾ)ਵਿੱਚ ਅਤੇ ਰਾਤ ਦਿਨ ਦੇ ਹੇਰ-ਫੇਰ ਵਿੱਚ ਯਕੀਨਨ ਅਕਲਮੰਦਾਂ ਲਈ ਨਿਸ਼ਾਨੀਆਂ ਹਨ (190)ਜਿਹੜੇ ਰੱਬ ਦੀ ਯਾਦ ਖੜ੍ਹੇ ਤੇ ਬੈਠੇ ਅਤੇ ਲੰਮੇ ਪਏ ਹੋਏ ਅਤੇ ਅਸਮਾਨ,ਜ਼ਮੀਨ ਦੀ ਪੈਦਾਇਸ਼ ਵਿੱਚ ਸੋਚਦੇ ਹਨ ਤੇ ਕਹਿੰਦੇ ਹਨ ਐ ਸਾਡੇ ਰੱਬ ਤੂੰ ਇਹ ਐਵੇਂ ਹੀ ਨਹੀਂ ਬਣਾਇਆ,ਤੂੰ ਪਾਕ ਹੈ ।ਬੱਸ ਸਾਨੂੰ ਨਰਕ ਦੀ ਅੱਗ ਦੇ ਅਜ਼ਾਬ ਤੋਂ ਬਚਾ ਲੈ।"(ਸੁਰਤ ਅਲ ਇਮਰਾਨ ਆਇਤ 190,191)

ਜਿਵੇਂ ਕਿ ਪਿੱਛੇ ਦਿੱਸਿਆ ਜਾ ਚੁੱਕਿਆ ਹੈ ਕਿ ਰੱਬ ਦੀ ਨਿਸ਼ਾਨੀਆਂ ਦੋ ਚੀਜ਼ਾਂ ਵਿੱਚ ਹਨ (ਸਰਿਸ਼ਟੀ ਵਿੱਚ ਅਤੇ ਮਨੁੱਖ ਦੀ ਆਪਣੀ ਰਚਨਾ ਵਿੱਚ)।ਸਰਿਸ਼ਟੀ ਦੀਆਂ ਨਿਸ਼ਾਨੀਆਂ ਬਾਰੇ ਤਾਂ ਗੱਲ ਬਾਤ ਵਿਸਥਾਰ ਪੂਰਵਕ ਆ ਚੁੱਕੀ ਹੈ ਅਤੇ ਅਸੀਂ ਚੰਗੀ ਤਰ੍ਹਾਂ ਸਮਝ ਵੀ ਚੁੱਕੇ ਹਾਂ ।ਹੁਣ ਵਾਰੀ ਆਉਂਦੀ ਹੈ ਰੱਬ ਦੀਆਂ ਉਹ ਨਿਸ਼ਾਨੀਆਂ ਜਿਹੜੀਆਂ ਮਨੁੱਖ ਦੀ ਰਚਨਾਂ ਵਿੱਚ ਅਤੇ ਉਸ ਦੇ ਅੰਦਰ ਹਨ ਜਿਸ ਨੂੰ ਸਮਝਣ ਦੀ ਲੋੜ ਹੈ ।

ਰੱਬ ਸੱਚੇ ਦੀਆਂ ਨਿਸ਼ਾਨੀਆਂ ਮਨੁੱਖ ਦੇ ਅੰਦਰ ਹਨ ਇਸ ਤੋਂ ਕੀ ਭਾਵ ਹੈ ?ਇਹ ਗੱਲ ਬਹੁਤ ਮਹੱਤਵਪੂਰਣ ਹੈ, ਜਿਸ ਨੂੰ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ।ਨਾ ਸਮਝਣ ਦੇ ਕਾਰਨ ਕਈ ਮਨੁੱਖ ਬਹੁਤ ਵੱਡੀ ਗ਼ਲਤੀ ਕਰ ਜਾਂਦੇ ਹਨ ।ਬਹੁਤ ਸਾਰੇ ਲੋਕਾਂ ਦਾ ਕਹਿਣਾ ਹੈ ਕਿ ਰੱਬ ਕਣ-ਕਣ ਵਿੱਚ ਪਾਇਆ ਜਾਂਦਾ ਹੈ ।ਰੱਬ ਮਨੁੱਖਾਂ ਦੇ ਅੰਦਰ ਵੀ ਹੈ ਅਤੇ ਕੁੱਤੇ,ਬਿੱਲੀ,ਜਾਨਵਰਾਂ ਵਿੱਚ ਵੀ ਹੈ ।ਇਸ ਤਰ੍ਹਾਂ ਦੀ ਗੱਲ ਕਰਨਾ ਵਿਲਕੁਲ ਹੀ ਗ਼ਲਤ ਅਤੇ ਵੱਡਾ ਪਾਪ ਹੈ ।ਸਹੀ ਗੱਲ ਇਹ ਹੈ ਕਿ ਕਣ-ਕਣ ਦੇ ਵਿੱਚ ਰੱਬ ਨਹੀਂ ਹੈ ਸਗੋਂ ਕਣ-ਕਣ ਰੱਬ ਦਾ ਹੈ ।ਉਹ ਜ਼ਮੀਨ,ਅਸਮਾਨ ਤੇ ਜੋ ਕੁਝ ਵੀ ਇਨ੍ਹਾਂ ਵਿਚਕਾਰ ਹੈ ਉਨ੍ਹਾਂ ਸਾਰਿਆਂ ਨੂੰ ਪੈਦਾ ਕਰਨ ਵਾਲਾ ਹੈ ਅਤੇ ਇਨ੍ਹਾਂ ਚੀਜ਼ਾਂ ਦਾ ਮਾਲਿਕ ਹੈ ।ਇਨਾਂ ਸਾਰਿਆਂ ਨੂੰ ਪੈਦਾ ਕਰਨ ਵਾਲਾ ਅਤੇ ਸਾਰਿਆਂ ਨੂੰ ਖ਼ਤਮ ਕਰਨ ਦੀ ਤਾਕਤ ਰੱਖਣ ਵਾਲਾ

ਹੈ। ਸੁੱਖ-ਦੁੱਖ ਦੇਣ ਵਾਲਾ ਹੈ। ਜੇਕਰ ਉਹ ਸਾਡੇ ਅੰਦਰ ਪਾਇਆ ਜਾਂਦਾ ਹੈ ਤਾਂ ਫੇਰ ਸਾਡੇ ਅਤੇ ਉਸ ਮਾਲਕ ਵਿਚਕਾਰ ਕੀ ਫ਼ਰਕ ਹੋਇਆ ?

## ਮਾਲਕ ਦੇ ਮੁਕਾਬਲੇ,ਮਨੁੱਖਦੀ ਹੈਸੀਅਤ ਅਤੇ ਦੋਵਾਂ ਦੇ ਵਿਚਕਾਰ ਅੰਤਰ :

ਸਾਡੀ ਹੈਸਿਅਤ ਤਾਂ ਕੇਵਲ ਇੱਕ ਆਮ ਆਦਮੀ ਦੀ ਹੈ ਉਸ ਮਾਲਕ ਨੇ ਅਸਾ ਨੂੰ ਪੈਦਾ ਕੀਤਾ ਹੈ ਅਸੀਂ ਉਸ ਮਾਲਕ ਦੇ ਬੰਦੇ ਹਾਂ।ਬੰਦਾ ਕਿਸ ਨੂੰ ਆਖਦੇ ਹਾਂ?ਬੰਦਾ ਉਸ ਨੂੰ ਆਖਦੇ ਹਨ ਜਿਹੜਾ ਇਬਦਤ ਕਰੇ, ਭਗਤੀ ਕਰੇ,ਪੂਜਾ ਕਰੇ,ਜਿਹੜਾ ਆਪਣੇ ਪੈਦਾ ਕਰਨ ਵਾਲੇ ਦੇ ਅੱਗੇ ਹੀ ਸਿਰ ਝੁਕਾਵੇ, ਉਸ ਤੋਂ ਇਲਾਵਾ ਹੋਰ ਕਿਸੇ ਅੱਗੇ ਨਾ ਝੁਕੇ ।ਉਸ ਨੂੰ ਮਾਲਕ ਇਸ ਪੱਖੋਂ ਮੰਨੇ ਕਿ ਉਹੀ ਹੈ ਜਿਸ ਨੇ ਸਾਰੇ ਸੰਸਾਰ ਨੂੰ ਤੇ ਉਸ ਨੂੰ ਪੈਦਾ ਕਾਤਾ ਹੈ,ਉਸ ਨੂੰ ਹਿੰਮਤ ਅਤੇ ਤਾਕਤ ਵੀ ਦਿੱਤੀ ਅਤੇ ਉਹੀ ਹੈ ਜਿਹੜਾ ਉਸ ਨੂੰ ਖਾਣ-ਪੀਣ ਨੂੰ ਦਿੰਦਾ ਹੈ,ਉਹੀ ਹੈ ਜਿਹੜਾ ਬਿਮਾਰੀ ਤੇ ਸਿਹਤ ਦਿੰਦਾ ਹੈ ।ਮਨੁੱਖ ਉਸ ਮਾਲਕ ਦੇ ਮੁਕਾਬਲੇ ਕੁਝ ਵੀ ਨਹੀਂ ।ਮਨੁੱਖ ਦੇ ਅੰਦਰ ਕਮਜ਼ੋਰੀਆਂ,ਕਮੀਆਂ,ਬੁਰਾਈਆਂ ਅਤੇ ਨੁਕਸ ਹਨ ਜਦ ਕਿ ਉਸ ਮਾਲਕ ਵਿੱਚ ਕਿਸੇ ਤਰ੍ਹਾਂ ਦੀ ਕਮਜ਼ੋਰੀ,ਨੁਕਸ ਜਾਂ ਬੁਰਾਈ ਨਹੀਂ ਹੈ। ਇਹੋ ਅੰਤਰ ਹੈ ਬੰਦੇ ਅਤੇ ਮਾਲਕ ਵਿਚਕਾਰ । ਮਨੁੱਖ ਦਾ ਇੱਕ ਸਥਾਨ ਹੈ ਅਤੇ ਉਸ ਮਾਲਕ ਦਾ ਆਪਣਾ ਲਥਾਨ ਹੈ। ਜੇਕਰ ਅਸੀਂ ਇਹ ਆਖਦੇ ਹਾਂ ਕਿ ਉਹ ਮਾਲਕ ਕਣ-ਕਣ ਵਿੱਚ ਪਾਇਆ ਜਾਂਦਾ ਹੈ ਤਾਂ ਫੇਰ ਅਸੀਂ ਉਸ ਮਾਲਕ ਦੀ ਸਹੀ ਮਹੱਤਤਾ ਨੂੰ ਨਹੀਂ ਸਮਝ ਸਕਦੇ ।ਉਸ ਮਾਲਕ ਦਾ ਦਰਜਾ ਅਤੇ ਸਥਾਨ ਕੀ ਹੈ ?ਸਾਡੇ ਅਤੇ ਉਸ ਮਾਲਕ ਵਿਚਕਾਰ ਅੰਤਰ ਖ਼ਤਮ ਹੋ ਜਾਂਦਾ ਹੈ। ਮਾਮਲਾ ਗੱਡ-ਮੱਡ ਹੋ ਕੇ ਰਹਿ ਜਾਂਦਾ ਹੈ। ਮਾਲਕ ਅਤੇ ਮਨੁੱਖ ਵਿਚਕਾਰ ਰਿਸ਼ਤਾ ਟੁੱਟ ਜਾਂਦਾ ਹੈ। ਉਹ ਰਿਸ਼ਤਾ ਜਿਹੜਾ ਕਿ ਉੱਚੇ ਅਤੇ ਨੀਵੇਂ

ਦਾ ਰਿਸ਼ਤਾ ਹੈ। ਮਾੜੇ ਅਤੇ ਸ਼ਕਤੀਸ਼ਾਲੀ ਦਾ ਰਿਸ਼ਤਾ ਹੈ, ਮਾਲਕ ਉੱਚਾ ਅਸੀਂ ਨੀਵੇਂ, ਸਾਡੇ ਵਿੱਚ ਕਮੀਆਂ, ਕਮਜ਼ੋਰੀਆਂ ਹਨ ਜਦ ਕਿ ਮਾਲਕ ਹਰ ਪ੍ਰਕਾਰ ਦੀਆਂ ਕਮੀਆਂ, ਕਮਜ਼ੋਰੀਆਂ ਤੋਂ ਪਵਿੱਤਰ ਹੈ ।ਅਸੀਂ ਮੰਗਤੇ ਅਤੇ ਫ਼ਕੀਰ,ਉਹ ਬਾਦਸ਼ਾਹਾਂ ਦਾ ਬਾਦਸ਼ਾਹ ਅਤੇ ਦਾਤਾ ਹੈ। ਸਾਨੂੰ ਮੌਤ ਆਉਂਦੀ ਹੈ ਅਤੇ ਉਹ ਮੌਤ ਤੋਂ ਸੱਖਣਾ ਹੈ। ਉਹ ਹਮੇਸ਼ਾ ਰਹਿਣ ਵਾਲਾ ਹੈ।ਸਾਨੂੰ ਇਸ ਰਿਸ਼ਤੇ ਨੂੰ ਤੋੜਣਾ ਨਹੀਂ ਚਾਹੀਦਾ, ਸਾਨੂੰ ਆਪਣੀ ਹੈਸੀਅਤ ਵਿੱਚ ਰਹਿਣਾ ਚਾਹੀਦਾ ਹੈ ਅਤੇ ਮਾਲਕ ਨੂੰ ਉਸ ਦੇ ਸਥਾਨ ਤੇ ਦਰਜੇ ਵਿੱਚ ਰੱਖਣਾ ਚਾਹੀਦਾ ਹੈ ।ਇਸ ਤਰ੍ਹਾਂ ਦੀਆਂ ਗੱਲਾਂ ਕਰਨਾ ਕਿ ਉਹ ਕੱਣ-ਕੱਣ ਵਿੱਚ ਹੈ ।ਇਹ ਨਿਰਾ ਹੀ ਝੂਠ ਅਤੇ ਘੜੀਆਂ ਹੋਈਆਂ ਗੱਲਾਂ ਹਨ। ਉਹ ਮਾਲਕ ਮਹਾਨ ਅਤੇ ਸ਼ਕਤੀ ਸ਼ਾਲੀ ਹੈ ਜੋ ਕਿ ਕਿਸੇ ਦੇ ਅੰਦਰ ਸਮਾ ਨਹੀਂ ਸਕਦਾ ਅਤੇ ਨਾ ਉਸ ਦਾ ਕੋਈ ਰੂਪ ਧਾਰਨ ਕਰ ਸਕਦਾ ਹੈ ।ਨਾ ਹੀ ਉਹ ਆਪ ਕਿਸੇ ਦੇ ਰੂਪ ਵਿੱਚ ਆਉਂਦਾ ਹੈ ਅਤੇ ਨਾ ਹੀ ਉਸ ਦਾ ਕੋਈ ਸਾਡੇ ਵਰਗਾ ਰੂਪ ਹੈ। ਉਹ ਕੀ ਹੈ ?ਇਸ  ਬਾਰੇ ਗੱਲ ਵਿਸਥਾਰ ਪੂਰਵਕ ਅੱਗੇ ਆਵੇਗੀ ।ਰੱਬ ਦੀ ਸੰਤਾਨ ਸਾਬਤ ਕਰਨਾ ਵੀ ਬਹੁਤ ਵੱਡਾ ਪਾਪ ਹੈ।

ਰੱਬ ਸੱਚਾ ਆਪਣੇ ਪਵਿੱਤਰ ਕਲਾਮ ਵਿੱਚ ਆਖਦਾ ਹੈ :

"ਐ ਨਬੀ (ਸ.)ਅਤੇ ਉਨ੍ਹਾਂ ਲੋਕਾਂ ਨੂੰ ਵੀ ਡਰਾ ਦੇਵੋ ਜਿਹੜੇ ਆਖਦੇ ਹਨ ਕਿ ਅੱਲਾਹ ਤਆਲਾ ਔਲਾਦ (ਸੰਤਾਨ) ਰੱਖਦਾ ਹੈ (4)ਸੱਚ ਗੱਲ ਹੈ ਕਿ ਨਾ ਤਾਂ ਖ਼ੁਦ ਉਨ੍ਹਾਂ ਨੂੰ ਇਸ ਦਾ ਗਿਆਨ ਹੈ ਅਤੇ ਨਾ ਉਨ੍ਹਾਂ ਦੇ ਬਾਪ ਦਾਦਿਆਂ ਨੂੰ,ਇਹ ਤੋਹਮਤ ਬਹੁਤ ਬੁਰੀ ਹੈ ਜਿਹੜੀ ਉਨ੍ਹਾਂ ਦੇ ਮੂੰਹ ਵਿੱਚੋਂ ਨਿੱਕਲ  ਰਹੀ ਹੈ ਉਹ ਤਾਂ ਨਿਰਾ ਝੂਠ ਬਕ ਰਹੇ ਹਨ (5)" (ਸੂਰਤ ਕਹਫ਼,ਆਇਤ-4,5)

ਇਸੇ ਤਰ੍ਹਾਂ ਕੁਝ ਲੋਕਾਂ ਦਾ ਕਹਿਣਾ ਹੈ ਕਿ ਰੱਬ ਸਾਡਾ ਬਾਪ ਹੈ, ਅਸੀਂ ਉਸ ਦੀ ਸੰਤਾਨ ਹਾਂ ਅਤੇ ਉਹ ਸਾਡਾ ਪਿਤਾ ਹੈ । ਇਸ ਤਰ੍ਹਾਂ ਦੀ ਗੱਲ ਵੀ ਕਹਿਣਾ ਬਹੁਤ ਵੱਡਾ

ਜੁਰਮ ਅਤੇ ਬਹੁਤ ਵੱਡਾ (ਪਾਪ) ਹੈ। ਜੇਕਰ ਅਸੀਂ ਉਸ ਦੀ ਸੰਤਾਨ ਹਾਂ ਫੇਰ ਸਾਡੇ ਵਿੱਚ ਤੇ ਉਸ ਮਾਲਕ ਵਿੱਚ ਕੀ ਫ਼ਰਕ ਹੋਇਆ ? ਕੀ ਰੱਬ ਵੀ ਸਾਡੇ ਜਿਹਾ ਹੋ ਸਕਦਾ ਹੈ ?ਰੱਬ ਹੋਣ ਦਾ ਹੱਕ ਕੇਵਲ ਉਸ ਨੂੰ ਹੈ ਜਿਹੜਾ ਮਨੁੱਖਾਂ ਨਾਲੋਂ ਵੱਖਰਾ ਹੋਵੇ। ਨਾ ਹੀ ਰੱਬ ਦੇ ਅੰਦਰ ਮਨੁੱਖਾਂ ਵਰਗੀਆਂ ਆਦਤਾਂ ਹੋਣ ਅਤੇ ਨਾ ਹੀ ਉਸ ਰੱਬ ਦੇ ਅੰਦਰ ਮਨੁੱਖਾਂ ਵਰਗੀਆਂ ਕਮੀਆਂ ਅਤੇ ਕਮਜ਼ੋਰੀਆਂ ਹੋਣ । ਜਿਸ ਵਿੱਚ ਕੋਈ ਕਮੀ ਜਾਂ ਕਮਜ਼ੋਰੀ ਹੋਵੇ ਉਹ ਰੱਬ ਕਹਾਉਣ ਦਾ ਹੱਕ ਨਹੀਂ ਰੱਖਦਾ,ਸਗੋਂ ਉਹ ਸਾਡੇ ਵਰਗਾ ਇੱਕ ਆਮ ਵਿਅਕਤੀ ਹੈ। ਉੱਪਰ ਦਿੱਤੀ ਆਇਤ ਵਿੱਚ ਰੱਬ ਆਖਦਾ ਹੈ ਕਿ "ਐ ਨਬੀ ਮੁਹੰਮਦ (ਸ.)ਇਨ੍ਹਾਂ ਲੋਕਾ ਨੂੰ ਇਸ ਗੱਲ ਦਾ ਅੰਜਾਮ ਦੱਸ ਦਿਓ, ਜਿਹੜੇ ਕਹਿੰਦੇ ਹਨ ਕਿ ਉਹ ਰੱਬ ਦੀ ਸੰਤਾਨ ਹਨ ।ਉਹ ਤਾਂ ਇਕੱਲਾ ਹੈ ਉਸ ਵਰਗਾ ਕੋਈ ਦੂਜਾ ਨਹੀਂ ।" ਇਸ ਆਇਤ ਵਿੱਚ ਰੱਬ ਨੇ ਗੁੱਸੇਭਰੇ ਅੰਦਾਜ਼ ਵਿੱਚ ਲੋਕਾਂ ਨੂੰ ਅਜਿਹੀ ਗੱਲ ਕਹਿਣ 'ਤੇ ਧਮਕੀ ਦਿੱਤੀ ਹੈ ਕਿ ਉਹ ਇਹੋ ਜਿਹੀ ਗੱਲ ਕਹਿਣ ਤੋਂ ਰੁਕ ਜਾਣ, ਨਹੀਂ ਤਾਂ ਉਨ੍ਹਾਂ ਦਾ ਅੰਜਾਮ ਕਾਰ ਬੁਰਾ ਹੋਵੇਗਾ । ਦੂਜੀ ਗੱਲ ਇਸ ਆਇਤ ਵਿੱਚ ਇਹ ਵੀ ਦੱਸੀ ਗਈ ਹੈ ਕਿ ਜਿਹੜੇ ਇਹ ਗੱਲ ਆਖਦੇ ਹਨ ਇਸ ਸਬੰਧੀ ਇਨ੍ਹਾਂ ਲੋਕਾਂ ਨੂੰ ਲੋਕਾਂ ਨੂੰ ਕੋਈ ਜਾਣਕਾਰੀ ਵੀ ਨਹੀਂ ਹੈ ਅਤੇ ਨਾ ਹੀ ਇਨ੍ਹਾਂ ਦੇ ਬਾਪ ਦਾਦਿਆਂ ਨੂੰ ਕਿਸੇ ਤਰ੍ਹਾਂ ਦੀ ਜਾਣਕਾਰੀ ਹੈ । ਜੇਕਰ ਕਿਸੇ ਮਨੁੱਖ ਨੂੰ ਕਿਸੇ ਤਰ੍ਹਾਂ ਦੀ ਜਾਣਕਾਰੀ ਨਾ ਹੋਵੇ ਅਤੇ ਉਹ ਦੂਜਿਆ ਨੂੰ ਸਿੱਖਿਆ ਦੇਵੇ ਤਾਂ ਫੇਰ ਇਹੋ ਜਿਹੇ ਮਨੁੱਖਾਂ ਨੂੰ ਪਾਗਲ ਨਹੀਂ ਕਹਾਂਗੇ ਤਾਂ ਹੋਰ ਕੀ ਕਹਾਂਗੇ। ਅੱਲਾਹ ਇਹ ਵੀ ਆਖ ਰਿਹਾ ਹੈ ਕਿ ਇਹ ਬਹੁਤ ਬੁਰੀ ਗੱਲ ਆਖ ਰਹੇ ਹਨ। ਜਿਹੜੇ ਉਹ ਆਪਣੇ ਮੂੰਹ ਵਿੱਚੋਂ ਕੱਡ ਰਹੇ ਹਨ(ਭਾਵ ਰੱਬ ਦੀ ਸੰਤਾਨ ਸਬੰਧੀ) ਉਹ ਤਾਂ ਨਿਰਾ ਝੂਠ ਆਖਦੇ ਹਨ। ਇਸੇ ਤਰ੍ਹਾਂ ਰੱਬ ਸੱਚਾ ਆਪਣੇ ਕਲਾਮ ਵਿੱਚ ਦੂਜੀ ਥਾਂ ਤੇ ਆਖਦਾ ਹੈ ।

"ਉਹ (ਮੁਸ਼ਰਿਕ)ਆਖਦੇ ਹਨ ਕਿ ਅੱਲਾਹ ਨੇ ਪੁੱਤਰ ਬਣਾ ਲਿਆ ਹੈ,ਜਦ ਕਿ ਉਹ (ਔਲਾਦ ਤੋਂ) ਪਾਕ ਹੈ ਅਤੇ (ਹਰ ਲੋੜ ਤੋਂ )ਬੇਪਰਵਾਹ ਹੈ। ਅਕਾਸ਼ਾਂ ਤੇ ਧਰਤੀ ਵਿੱਚ ਜੋ

ਵੀ ਹੈ ਸਭ ਉਸੇ ਲਈ ਹੈ। ਤੁਹਾਡੇ ਕੋਲ ਇਸ ਗੱਲ ਦੀ ਵੀ ਕੋਈ ਦਲੀਲ ਨਹੀਂ (ਕਿ ਰੱਬ ਦੇ ਔਲਾਦ ਹੈ) ਕੀ ਤੁਸੀਂ ਅੱਲਾਹ ਦੇ ਬਾਰੇ ਉਹ ਗੱਲਾਂ ਆਖਦੇ ਹੋ ਜਿਸ ਦਾ ਤੁਹਾਨੂੰ ਗਿਆਨ ਵੀ ਨਹੀਂ ? (68)(ਹੇ ਨਬੀ) ਤੁਸੀਂ ਆਖ ਦਿਓ ਕਿ ਜਿਹੜੇ ਲੋਕੀ ਅੱਲਾਹ 'ਤੇ ਦੋਸ਼ ਲਗਾ ਰਹੇ ਹਨ, ਉਹ ਕਾਮਯਾਬ ਨਹੀਂ ਹੋਣਗੇ ।" (ਸੂਰਤ ਯੂਨੁਸ ਆਇਤ-68-69)

ਰੱਬ ਸੱਚਾ ਇਸ ਆਇਤ ਵਿੱਚ ਦੱਸਦਾ ਹੈ ਕਿ ਲੋਕ ਆਖਦੇ ਹਨ ਕਿ ਅੱਲਾਹ ਦੀ ਸੰਤਾਨ ਹੈ ਜਦੋਂ ਕਿ ਉਹ ਤਾਂ ਕਿਸੇ ਦਾ ਮਹੁਤਾਜ਼ ਨਹੀਂ ਹੈ ਜਿਹੜਾ ਆਦਮੀ ਕਿਸੇ ਦਾ ਮਹੁਤਾਜ ਹੋਵੇ ਉਸ ਨੂੰ ਸੰਤਾਨ ਦੀ ਲੋੜ ਹੁੰਦੀ ਹੈ ਅਤੇ ਜਿਹੜਾ ਨਾ ਮਹੁਤਾਜ ਹੋਵੇ ਉਸ ਨੂੰ ਸੰਤਾਨ ਦੀ ਕੀ ਲੋੜ ? ਸੰਤਾਨ ਤਾਂ ਸਹਾਰੇ ਦੇ ਲਈ ਹੁੰਦੀ ਹੈ ਅਤੇ ਜਦ ਉਹ ਸਹਾਰੇ ਦਾ ਮਹੁਤਾਜ ਨਹੀਂ ਤਾਂ ਉਸ ਨੂੰ ਸੰਤਾਨ ਦੀ ਕੀ ਲੋੜ ? ਅਤੇ ਇਸ ਆਇਤ ਵਿੱਚ ਇਹ ਗੱਲ ਵੀ ਦੱਸੀ ਹੈ ਕਿ ਉਹ ਅੱਲਾਹ ਜ਼ਮੀਨ ਅਸਮਾਨ ਦਾ ਬਾਦਸ਼ਾਹ ਹੈ ਅਤੇ ਸਾਰੀਆਂ ਚੀਜ਼ਾਂ ਉਸ ਦੀਆਂ ਹਨ। ਉਸ ਦੀ ਬਾਦਸ਼ਾਹੀ ਸਭ ਉੱਤੇ ਚੱਲਦੀ ਹੈ ਫੇਰ ਉਸ ਨੂੰ ਸੰਤਾਨ ਦੀ ਕੀ ਲੋੜ ?ਸੰਤਾਨ ਦੀ ਲੋੜ ਤਾਂ ਉਸ ਨੂੰ ਹੁੰਦੀ ਹੈ ਜਿਸ ਨੂੰ ਕੁਝ ਮੱਦਦ ਅਤੇ ਸਹਾਰੇ ਦੀ ਲੋੜ ਹੋਵੇ ਅਤੇ ਜਿਸ ਦਾ ਹੁਕਮ ਧਰਤੀ ਅਤੇ ਅਸਮਾਨ ਦੀ ਹਰ ਚੀਜ਼ ਉੱਤੇ ਚੱਲਦਾ ਹੋਵੇ, ਉਸ ਨੂੰ ਸੰਤਾਨ ਦੀ ਕੀ ਲੋੜ? ਇਸ ਤੋਂ ਇਲਾਵਾ ਸੰਤਾਨ ਦੀ ਲੋੜ ਉਹ ਮਨੁੱਖ ਮਹਿਸੂਸ ਕਰਦਾ ਹੈ,ਜਿਹੜਾ ਆਪਣੇ ਬਾਅਦ ਆਪਣਾ ਕੋਈ ਵਾਰਸ ਵੇਖਣਾ ਪਸੰਦ ਕਰ ।ਰੱਬ ਦੀ ਜ਼ਾਤ ਨੂੰ ਤਾਂ ਮੌਤ ਹੈ ਹੀ ਨਹੀਂ। ਉਹ ਤਾਂ ਸ਼ੁਰੂ ਤੋਂ ਹੈ ਅਤੇ ਆਖ਼ਰ ਤੱਕ ਰਹੇਗਾ ।ਸ਼ੁਰੂ ਅਤੇ ਆਖ਼ਰ ਦੀ ਵੀ ਕੋਈ ਹੱਦ ਨਹੀਂ ਹੈ ।ਰੱਬ ਸੱਚੇ ਨੇ ਇਸ ਆਇਤ ਵਿੱਚ ਲੋਕਾਂ ਨੂੰ ਚੈਲੇਂਜ ਕਿਤਾ ਹੈ ਕਿ ਜਿਹੜੀ ਗੱਲ ਤੁਸੀਂ ਕਹਿੰਦੇ ਹੋ ਉਸ ਦੀ ਤੁਹਾਡੇ ਕੋਲ ਕੋਈ ਦਲੀਲ ਜਾਂ ਸਬੂਤ ਹੈ ਕਿ ਰੱਬ ਦੀ ਸੰਤਾਨ ਹੈ ? ਜੇਕਰ ਤੁਸੀਂ ਇਸ ਦੀ ਕੋਈ ਦਲੀਲ ਨਹੀਂ ਦੇਵੋਗੇ ਤਾਂ ਅੱਲਾਹ ਦੇ ਜ਼ਿੰਮੇ ਅਜਿਹੀ ਗੱਲ ਕਿਉਂ ਲਗਉਂਦੇ ਹੋ ਜਿਸ ਦੀ ਤੁਹਾਨੂੰ ਕੋਈ ਜਾਣਕਾਰੀ ਨਹੀਂ ਹੈ ।

ਜੇਕਰ ਕੋਈ ਮਨੁੱਖ ਕਿਸੇ ਦੂਜੇ ਨੂੰ ਚੋਰ ਆਖੇ ਅਤੇ ਉਸ ਦੀ ਦਲੀਲ ਨਾ ਦੇਵੇ ਤਾਂ ਫੇਰ ਅਜਿਹੇ ਮਨੁੱਖ ਨੂੰ ਅਸੀਂ ਝੂਠਾ ਨਹੀਂ ਕਹਾਂਗੇ ਤਾਂ ਹੋਰ ਕੀ ਕਹਾਂਗੇ ? ਇਸੇ ਤਰ੍ਹਾਂ ਜਿਹੜੇ ਲੋਕੀ ਆਖਦੇ ਹਨ ਕਿ ਰੱਬ ਦੀ ਸੰਤਾਨ ਹੈ ਜਾਂ ਰੱਬ ਕਣ-ਕਣ ਵਿੱਚ ਵੱਸਦਾ ਹੈ ਉਹ ਇਸ ਗੱਲ ਦੀ ਕੋਈ ਦਲੀਲ ਜਾਂ ਸਬੂਤ ਨਹੀਂ ਦਿੰਦੇ ਉਹ ਝੂਠੇ ਅਤੇ ਪਾਪੀ ਹਨ।

ਇਹ ਗੱਲ ਆਖਣਾ ਕਿ ਰੱਬ ਦੀ ਸੰਤਾਨ ਹੈ, ਕਿੰਨਾ ਵੱਡਾ ਜੁਰਮ ਅਤੇ ਪਾਪ ਹੈ ਅਤੇ ਇਸ ਤਰ੍ਹਾਂ ਦੀ ਗੱਲ ਮੂੰਹ ਵਿੱਚੋ ਕੱਢਣ ਕਾਰਨ ਰੱਬ ਨੂੰ ਕਿੰਨਾ ਗੁੱਸਾ ਆਉਂਦਾ ਹੈ।ਕੁਰਆਨ ਦੀ ਇਸ ਆਇਤ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਜਿਸ ਵਿੱਚ ਰੱਬ,ਬੰਦੇ ਨੂੰ ਇਸ ਤਰ੍ਹਾਂ ਦੀ ਗੱਲ ਕਹਿਣ ਦਾ ਅੰਜਾਮ ਗੁੱਸੇ ਭਰੇ ਅੰਦਾਜ਼ ਵਿੱਚ ਦੱਸਦਾ ਹੈ।

" ਇਹ (ਕਾਫ਼ਿਰ)ਆਖਦੇ ਹਨ  ਕਿ ਰਹਿਮਾਨ (ਰੱਬ)ਸੰਤਾਨ ਵਾਲਾ ਹੈ (88) ਯਕੀਨਨ ਤੁਸੀਂ ਬਹੁਤ ਹੀ ਭੈੜੇ ਅਤੇ ਸਖ਼ਤ ਸ਼ਬਦ ਬੋਲ ਰਹੇ ਹੋ ਤੇ ਗੁਨਾਹ ਤਕ ਆ ਪਹੁੰਚੇ ਹੋ (ਭਾਵ ਤੁਹਾਡੀ ਇਸ ਪ੍ਰਕਾਰ ਦੀ ਗੱਲ ਕਹਿਣਾ)(89)ਨੇੜੇ ਹੈ ਕਿ ਇਸ ਤਰ੍ਹਾਂ ਕਹਿਣ ਦੇ ਕਾਰਨ ਅਸਮਾਨ ਫੱਟ ਜਾਣ ਅਤੇ ਧਰਤੀ ਟੋਟੇ-ਟੋਟੇ ਹੋ ਜਾਵੇ ਅਤੇ ਪਾਹਾੜ ਚੂਰ-ਚੂਰ ਹੋ ਜਾਣ (90)ਰਹਿਮਾਨ ਦੀ ਸੰਤਾਨ ਸਾਬਤ ਕਰਦੇ ਹਨ (91)ਰਹਿਮਾਨ ਦੀ ਸ਼ਾਨ ਨੂੰ ਸ਼ੋਭਾ ਨਹੀਂ ਕਿ ਉਹ ਸੰਤਾਨ ਰੱਖੇ (92)" ( ਸੂਰਤ ਮਰੀਅਮ,ਆਇਤ-88ਤੋਂ 92ਤੱਕ)

ਕੁਰਆਨ ਦੀਆਂ ਇਨ੍ਹਾਂ ਆਇਤਾਂ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਰੱਬ ਨੂੰ ਇਹ ਗੱਲ ਕਿੰਨੀ ਨਾ ਪਸੰਦ ਹੈ ਕਿ ਕੋਈ ਇਹ ਆਖੇ ਕਿ ਉਸ ਦੀ ਸੰਤਾਨ ਹੈ ਅਤੇ ਇਸ ਗੱਲ ਦੇ ਕਹਿਣ ਦੇ ਕਾਰਣ ਰੱਬ ਨੂੰ ਇੰਨਾ ਗੁੱਸਾ ਆਉਂਦਾ ਹੈ ਜਿਸ ਕਾਰਨ ਅਸਮਾਨ ਫੱਟ ਜਾਵਣ ਅਤੇ ਧਰਤੀ ਟੋਟੇ-ਟੋਟੇ ਹੋ ਜਾਵੇ, ਪਹਾੜ ਚੂਰਾ-ਚੂਰਾ ਹੋ ਜਾਵਣ। ਬੁਖ਼ਾਰੀ ਸ਼ਰੀਫ਼ ਦੀ ਇੱਕ ਹਦੀਸ ਵਿੱਚ ਰੱਬ ਆਖਦਾ ਹੈ:

"ਹਜ਼ਰਤ ਅਬੁ ਹੁਰੈਰਾ(ਰਜ਼ਿ.)ਤੋਂ ਰਿਵਾਇਤ ਹੈ,ਕਿ ਮੁਹੰਮਦ (ਸ.) ਦਾ ਫ਼ਰਮਾਨ ਹੈ ਕਿ ਅੱਲਾਹ ਤਆਲਾ ਫ਼ਰਮਾਉਂਦੇ ਹਨ ਕਿ, "ਆਦਮ ਦੀ ਸੰਤਾਨ (ਇਨਸਾਨ) ਨੇ ਮੈਨੂੰ (ਅੱਲਾਹ ਨੂੰ) ਝੁਠਲਾਇਆ ਅਤੇ ਉਸ ਦੇ ਲਈ ਇਹ ਠੀਕ ਨਹੀਂ ਸੀ। ਅਤੇ ਆਦਮ ਦੀ ਸੰਤਾਨ (ਇਨਸਾਨ) ਨੇ ਮੈਨੂੰ ਗਾਲ ਕੱਢੀ ਅਤੇ ਉਸ ਦੇ ਲਈ ਇਹ ਵੀ ਠੀਕ ਨਹੀਂ ਸੀ। ਰਿਹਾ ਉਸ ਦਾ ਮੈਨੂੰ ਝੁਠਲਾਉਣਾਂ ਤਾਂ ਉਸ ਦਾ ਇਹ ਕਹਿਣਾ ਹੈ ਕਿ ਅੱਲਾਹ ਤਆਲਾ ਮੈਨੂੰ ਕਦੇ ਵੀ ਦੁਬਾਰਾ ਪੈਦਾ ਨਹੀਂ ਕਰੇਗਾ, ਜਿਵੇਂ ਕਿ ਉਸ ਨੇ ਪਹਿਲੀ ਵਾਰ ਪੈਦਾ ਕੀਤਾ ਹਾਲਾਂਕਿ ਮੇਰੇ ਲਈ ਦੁਬਾਰਾ ਪੈਦਾ ਕਰਨਾ ਉਸਦੇ ਪਹਿਲੀ ਵਾਰੀ ਪੈਦਾ ਕਰਨ ਤੋਂ ਜ਼ਿਆਦਾ ਮੁਸ਼ਕਿਲ ਨਹੀਂ। ਉਸ ਦਾ ਮੈਨੂੰ ਗਾਲ ਕੱਢਣਾ ਇਹ ਹੈ ਕਿ ਉਸ ਨੇ ਕਿਹਾ ਅੱਲਾਹ ਦੀ ਸੰਤਾਨ ਹੈ ਜਦ ਕਿ ਮੈਂ ਬੈ-ਨਿਆਜ਼(ਬੇ-ਪ੍ਰਵਾਹ)ਹਾਂ ਨਾਂ ਮੇਰੀ ਕੋਈ ਸੰਤਾਨ ਹੈ ਅਤੇ ਨਾਂ ਮੈਂ ਕਿਸੇ ਦੀ ਸੰਤਾਨ ਹਾਂ ਅਤੇ ਨਾਂ ਹੀ ਕੋਈ ਮੇਰਾ ਜੋੜੀ ਦਾਰ ਹੈ।" ਸਹੀ ਅਲ-ਬੁਖਾਰੀ (-4974)ਨਿਸਾਈ (2078) ਅਹਿਮਦ (9114)

ਇਹ ਹਦੀਸ, ਹਦੀਸ-ਏ-ਕੁਦਸੀ ਹੈ ਇਸ ਪ੍ਰਕਾਰ ਦੀ ਹਦੀਸ ਦੇ ਬਿਆਨ ਕਰਤਾ ਹਜ਼ਰਤ ਮੁਹੰਮਦ(ਆਪ ਤੇ ਰੱਬ ਦੀ ਮਹਿਰ ਹੋਵੇ)ਹੁੰਦੇ ਹਨ । ਪਰ ਜਿਹੜੀ ਗੱਲ ਕਹੀ ਜਾਂਦੀ ਹੈ ਉਹ ਰੱਬ ਵੱਲੋਂ ਹੁੰਦੀ ਹੈ। ਮੁਹੰਮਦ(ਆਪ ਤੇ ਰੱਬ ਦੀ ਮਹਿਰ ਹੋਵੇ)ਦੇ ਕੇਵਲ ਬੋਲ ਹੁੰਦੇ ਹਨ ਪਰ ਵਾਕ ਰੱਬ ਦੇ ਹੁੰਦੇ ਹਨ । ਇਸ ਦੇ ਮੁਕਾਬਲੇ ਇੱਕ ਹਦੀਸ ਦੂਜੀ ਹੁੰਦੀ ਹੈ ਜਿਸ ਵਿੱਚ ਬੋਲ ਅਤੇ ਵਾਕ ਦੋਵੇਂ ਹੀ ਮੁਹੰਮਦ (ਆਪ ਤੇ ਰੱਬ ਦੀ ਮਹਿਰ ਹੋਵੇ) ਦੇ ਹੁੰਦੇ ਹਨ। ਉਪਰ ਬਿਆਨ ਕੀਤੀ ਗਈ ਹਦੀਸ ਪਹਿਲੀ ਕਿਸਮ ਦੀ ਹਦੀਸ ਹੈ ਜਿਸ ਵਿੱਚ ਰੱਬ ਕਹਿੰਦਾ ਹੈ ਕਿ ਜਿਹੜੇ ਲੋਕੀ ਕਹਿੰਦੇ ਹਨ ਕਿ ਰੱਬ ਦੀ ਸੰਤਾਨ ਹੈ ਉਹ ਉਸ ਨੂੰ ਗਾਲ ਕੱਢਦੇ ਹਨ ।

ਹੁਣ ਅਸੀਂ ਮੁੜ ਆਪਣੇ ਉਸੇ ਵਿਸ਼ੇ ਵੱਲ ਆਉਂਦੇ ਹਾਂ ਜਿੱਥੋਂ ਗੱਲ ਅੱਗੇ ਚਲੀ ਸੀ। ਇਸ ਗੱਲ ਨੂੰ ਸਮਝਣਾ ਬਹੁਤ ਜਰੂਰੀ ਸੀ।ਜਿਵੇਂ ਕਿ ਪਹਿਲਾਂ ਗੱਲ ਚੱਲ ਰਹੀ ਸੀ ਕਿ

ਉਸ ਮਾਲਕ ਦੀਆਂ ਨਿਸ਼ਾਨੀਆਂ ਸਾਡੇ ਅੰਦਰ ਪਾਈਆਂ ਜਾਂਦੀਆਂ ਹਨ ਨਾਂ ਕਿ ਉਹ ਰੱਬ ਸਾਡੇ ਅੰਦਰ ਹੈ। ਜਦੋਂ ਮਨੁੱਖ ਆਪਣੇ ਸਰੀਰ ਉੱਤੇ ਅਤੇ ਸਰੀਰ ਦੇ ਅੰਦਰ ਚਲ ਰਹੀ ਕਿਰਿਆ ਵੱਲ ਧਿਆਨ ਕਰਦਾ ਹੈ ਤਾਂ ਉਸ ਨੂੰ ਰੱਬ ਦੀ ਪਹਿਚਾਣ ਹੁੰਦੀ ਹੈ। ਸੱਚੇ ਰੱਬ ਦੀ ਸੋਹਣੀ ਕਾਰੀਗਰੀ ਵਿਖਾਈ ਦਿੰਦੀ ਹੈ।ਰੱਬ ਸੱਚਾ ਆਪਣੇ ਪਵਿੱਤਰ ਕਲਾਮ ਪਾਕ ਕੁਰਆਨ ਵਿੱਚ ਆਖਦਾ ਹੈ। ਇਹ ਗੱਲ ਜਿਹੜੀ ਅੱਜ ਤੋਂ ਲਗਭਗ(1450) ਸਾਲ ਪਹਿਲਾਂ ਪਵਿੱਤਰ ਕੁਰਆਨ ਵਿੱਚ ਦਰਜ ਕੀਤੀ ਗਈ ਸੀ ਜਿਸ ਨੂੰ ਅੱਜ ਦੀ ਸਾਇੰਸ ਨੇ ਵੀ ਮੰਨ ਲਿਆਹੈ ਪਰ ਕੁਰਆਨ ਨੇ ਬਹੁਤ ਪਹਿਲਾਂ ਕਹਿ ਦਿੱਤਾ ਸੀ:

" ਯਕੀਨਨ ਅਸੀਂ ਮਨੁੱਖ ਨੂੰ ਵੱਜਦੀ ਹੋਈ ਮਿੱਟੀ ਤੋਂ ਪੈਦਾ ਕੀਤਾ (12) ਫੇਰ ਉਸ ਨੂੰ ਵੀਰਜ ਬਣਾ ਕੇ ਮਹਿਫੂਜ਼ ਜਗ੍ਹਾ ਵਿੱਚ ਕਰਾਰ ਦਿੱਤਾ (13) ਫੇਰ ਵੀਰਜ ਨੂੰ ਅਸੀਂ ਜੰਮਿਆ ਹੋਇਆ ਖ਼ੂਨ ਬਣਾ ਦਿੱਤਾ,ਫੇਰ ਉਸ ਖ਼ੂਨ ਦੇ ਲੋਥੜੇ ਨੂੰ ਗੋਸ਼ਤ ਦਾ ਟੁਕੜਾ ਬਣਾ ਦਿੱਤਾ,ਫੇਰ ਗੋਸ਼ ਦੇ ਟੁਕੜੇ ਵਿੱਚ ਹੱਡੀਆਂ ਪੈਦਾ ਕੀਤੀਆਂ, ਫੇਰ ਹੱਡੀਆਂ ਉੱਤੇ ਗੋਸ਼ਤ ਚੜ੍ਹਾਇਆ,ਫੇਰ ਦੂਸਰੀ ਬਣਾਵਟ ਵਿੱਚ ਉਸ ਨੂੰ ਪੈਦਾ ਕੀਤਾ,ਬਰਕਤਾਂ ਵਾਲਾ ਹੈ ਉਹ ਅੱਲਾਹ ਜਿਹੜਾ ਸਭ ਤੋਂ ਵਧੀਆ ਪੈਦਾ ਕਰਨ ਵਾਲਾ ਹੈ (14)" (ਸੂਰਤ ਮੌਮੀਨੂੰਨ , ਆਇਤ-12 ਤੋਂ14 )

ਇਹ ਆਇਤਾਂ ਸਾਨੂੰ ਸੋਚਣ ' ਤੇ ਮਜ਼ਬੂਰ ਕਰਦੀਆਂ ਹਨ ਕਿ ਮਨੁੱਖ ਦੀ ਅਸਲਿਅਤ ਕੀ ਹੈ? ਉਹ ਕੀ ਸੀ ਅਤੇ ਅੱਜ ਦੇ ਦਿਨ ਕੀ ਬਣਿਆ ਫਿਰਦਾ ਹੈ। ਮਨੁੱਖ ਦੀ ਅਸਲ ਹੋਂਦ ਅਤੇ ਹਕੀਕਤ ਇੱਕ ਵੀਰਜ ਦੇ ਕਤਰੇ ਦੀ ਸੀ ਜਿਥੋਂ ਉਹ ਅੱਗੇ ਚਲਿਆ ।ਇਹ ਕਿਵੇਂ ਚੱਲਿਆ ਹੈ ? ਅਤੇ ਕਿਹੜੀਆਂ-ਕਿਹੜੀਆਂ ਤਬਦੀਲੀਆਂ ਵਿੱਚੋਂ ਲੰਘਿਆ ਹੈ ? ਅਤੇ ਫੇਰ ਇੱਕ ਸੰਦਰ ਮਨੁੱਖ ਬਣਿਆ ਹੈ ਜਿਵੇਂ ਕਿ ਸਾਨੂੰ ਕੁਰਆਨ ਦੀ ਇਹ ਆਇਤ ਦੱਸਦੀ ਹੈ। ਸਭ ਤੋਂ ਪਹਿਲਾਂ ਰੱਬ ਨੇ ਮਿੱਟੀ ਤੋਂ ਇੱਕ ਮਨੁੱਖ ਪੈਦਾ ਕੀਤਾ, ਉਸ ਵਿੱਚ ਰੂਹ ਪਾਈ ਅਤੇ ਫੇਰ ਉਸ ਨੂੰ ਸੁਨਣ ਅਤੇ ਦੇਖਣ ਵਾਲਾ ਬਣਾਇਆ ।ਫੇਰ ਉਸ ਦੀ ਪਤਨੀ

ਪੈਦਾ ਕੀਤੀ, ਜਿੱਥੋਂ ਕਿ ਸਾਰੀ ਮਨੁੱਖਤਾ ਅੱਗੇ ਵਧੀ ਅਤੇ ਰੱਬ ਸੱਚਾ ਆਖਦਾ ਹੈ ਕਿ ਮਾਂ ਦੇ ਗਰਭ ਵਿੱਚ ਬਾਪ ਦਾ ਵੀਰਜ ਪਾਇਆ। ਜਿਹੜੀ ਕਿ ਬਹੁਤ ਹੀ ਸੁਰੱਖਅਤ ਥਾਂ ਹੈ ਜਿੱਥੇ ਬੱਚਾ ਇੱਕ ਨਿਰਧਾਰਤ ਸਮਾਂ ਰਹਿਕੇ ਪਰਵਰਿਸ਼ ਪਾਉਂਦਾ ਹੈ। ਇਸ ਵੀਰਜ ਦੇ ਕਤਰੇ ਨੂੰ ਖ਼ੂਨ ਦਾ ਲੋਥੜਾ ਅਤੇ ਅੱਗੇ ਖ਼ੂਨ ਦੇ ਲੋਥੜੇ ਤੋਂ ਗੌਸ਼ਤ ਦਾ ਟੁਕੜਾ ਬਣਾਇਆ।ਗੌਸ਼ਤ ਦੇ ਟੁਕੜੇ ਵਿੱਚ ਹੱਡੀਆਂ ਪੈਦਾ ਕੀਤੀਆਂ ਅਤੇ ਇਨ੍ਹਾਂ ਦੇ ਉੱਪਰ ਗੌਸ਼ਤ ਚੜ੍ਹਾਇਆ। ਰੱਬ ਸੱਚੇ ਦਾ ਗੌਸ਼ਤ ਨੂੰ ਹੱਡੀਆਂ ਵਿੱਚ ਤਬਦੀਲ ਕਰਨ ਦਾ ਮਕਸਦ ਇਨਸਾਨੀ ਢਾਂਚੇ ਨੂੰ ਮਜ਼ਬੂਤ ਬੁਨਿਆਦਾਂ ਉੱਤੇ ਖੜ੍ਹਾ ਕਰਨਾ ਹੈ ਕਿਉਂਕਿ ਸਿਰਫ਼ ਗੋਸ਼ਤ ਵਿੱਚ ਤਾਂ ਕੋਈ ਸਖ਼ਤੀ ਨਹੀਂ ਹੁੰਦੀ ਜੇਕਰ ਉਸ ਨੂੰ ਨਿਰਾ ਹੱਡੀਆਂ ਦਾ ਢਾਂਚਾ ਹੀ ਰੱਖਿਆ ਜਾਂਦਾ ਤਾਂ ਮਨੁੱਖ ’ਤੇ ਉਹ ਹੁਸਨ ਅਤੇ ਸੁੰਦਰਤਾ ਨਹੀਂ ਆਉਣੀ ਸੀ ਜਿਹੜੀ ਹਰ ਮਨੁੱਖ ਦੇ ਅੰਦਰ ਪਾਈ ਜਾਂਦੀ ਹੈ। ਇਸ ਲਈ ਇਨ੍ਹਾਂ ਹੱਡੀਆਂ ਉੱਤੇ ਖ਼ਾਸ ਮਾਤਰਾ ਵਿੱਚ ਗੋਸ਼ਤ ਚੜ੍ਹਾਇਆ। ਕਿਸੇ ਥਾਂ ਘੱਟ ਤੇ ਕਿਸੇ ਥਾਂ ਵੱਧ ਤਾਂ ਜੋ ਉਹ ਭੱਦਾ ਅਤੇ ਬਦਸੂਰਤ ਨਾ ਲੱਗੇ। ਜਿੱਥੇ ਜਿਸ ਚੀਜ਼ ਦੀ ਜਿੰਨੀ ਲੋੜ ਹੈ ਉੱਥੇ ਹੀ ਰੱਖੀ। ਸਭ ਕੁਝ ਕਰਨ ਮਗਰੋਂ ਫੇਰ ਉਸ ਵਿੱਚ ਰੂਹ ਪਾਈ।ਉਸ ਨੂੰ ਜਿਉਂਦਾ ਜਾਗਦਾ ਮਨੁੱਖ ਬਣਾ ਦਿੱਤਾ। ਹੁਣ ਰਤਾ ਰੁਕ ਕੇ ਸੋਚਣ ਦੀ ਲੋੜ ਹੈ ਕਿ ਇੱਕ ਮਨੁੱਖ ਦਾ ਆਰੰਭ ਕਿੱਥੋਂ ਹੋਇਆ ਅਤੇ ਉਹ ਕਿਹੜੀਆਂ-ਕਿਹੜੀਆਂ ਸਥਿਤਿਆਂ ਵਿੱਚੋਂ ਨਿੱਕਲਿਆ। ਕਦੀ ਵੀਰਜ ਦਾ ਤੁਪਕਾ, ਕਦੀ ਖ਼ੂਨ ਦਾ ਲੋਥੜਾ,ਕਦੀ ਗੌਸ਼ਤ ਦਾ ਟੁਕੜਾ ਤੇ ਕਦੀ ਗੌਸ਼ਤ ਦੇ ਟੁਕੜੇ ਤੋਂ ਹੱਡੀਆਂ। ਫੇਰ ਹੱਡੀਆਂ ਉੱਪਰ ਮਾਸ ਦਾ ਚੜ੍ਹਨਾ ਅਤੇ ਅੰਤ ਵਿੱਚ ਮਨੁੱਖ ਦੀ ਸ਼ਕਲ ਦੇਣਾ ਅਤੇ ਰੂਹ (ਆਤਮਾ) ਪਾ ਕੇ ਇੱਕ ਸੁੰਦਰ ਸ਼ਕਲ ਤਿਆਰ ਕਰ ਦੇਣਾ। ਹੁਣ ਜ਼ਰਾ ਸੋਚਣ ’ਤੇ ਧਿਆਨ ਦੇਣ ਦੀ ਲੋੜ ਹੈ ਕਿ ਇਹ ਸਭ ਕੁਝ ਕੌਣ ਕਰਨ ਵਾਲਾ ਹੈ ? ਕੀ ਇਹ ਆਪ ਹੀ ਹੋ ਰਿਹਾ ਹੈ ? ਜਾਂ ਇਸ ਦੇ ਪਿੱਛ ਕੋਈ ਇਸ ਨੂੰ ਕਰਨ ਵਾਲਾ ਵੀ ਹੈ ? ਕੀ ਇਸ ਵਿੱਚ ਉਸ ਸੋਹਣੇ ਮਾਲਕ ਦੀ ਸੋਹਣੀ ਕਾਰੀਗਰੀ ਨਹੀਂ ਵਿਖਾਈ ਦਿੰਦੀ।ਜੇਕਰ ਕੋਈ ਦਿਲ ਦੀ ਅੱਖ ਨਾਲ ਵੇਖਣਾ ਚਾਹਵੇ ਤਾਂ ਕੀ ਇਸ ਵਿੱਚ ਰੱਬ ਦੀਆਂ ਨਿਸ਼ਾਨੀਆਂ ਨਹੀਂ ਹਨ ? ਜੇਕਰ ਕੋਈ ਪਾਗਲ ਜਾਂ ਸਿਰ ਫਿਰਾ ਮਨੁੱਖ

ਕਹਿੰਦਾ ਹੈ ਕਿ ਸਭ ਕੁਝ ਆਪਣੇ ਆਪ ਹੀ ਹੋ ਗਿਆ ਹੈ ਇਸ ਦੇ ਪਿੱਛੇ ਕਿਸੇ ਦਾ ਹੱਥ ਨਹੀਂ ਹੈ ਤਾਂ ਅਸੀਂ ਉਸ ਮਨੁੱਖ ਤੋਂ ਪੁੱਛਣਾ ਚਾਹਾਂਗੇ ਕਿ ਜੇਕਰ ਸਾਨੂੰ ਕੋਈ ਮਨੁੱਖ ਆਖਦਾ ਹੈ ਕਿ ਮੈਂ ਇੱਕ ਨਦੀ ਦੇ ਕਿਨਾਰੇ ਖੜ੍ਹਾ ਵੇਖਦਾ ਹਾਂ ਕਿ ਇੱਕ ਰੁੱਖ ਡਿੱਗਦਾ ਹੈ ਅਤੇ ਉਸ ਦੇ ਆਪਣੇ ਆਪ ਫੱਟੇ ਚਿਰਦੇ ਹਨ, ਫੇਰ ਆਪਣੇ ਆਪ ਹੀ ਕਿਸ਼ਤੀ ਬਣਦੀ ਹੈ ਅਤੇ ਫੇਰ ਮੈਂ ਉਸ ਕਿਸ਼ਤੀ ਵਿੱਚ ਸਵਾਰ ਹੋ ਗਿਆ। ਕੀ ਅਸੀਂ ਕਦੀ ਇਸ ਗੱਲ ਨੂੰ ਸੱਚ ਮੰਨ ਸਕਦੇ ਹਾਂ ? ਅਸੀਂ ਕਦੀ ਵੀ ਉਸ ਮਨੁੱਖ ਦੀ ਇਸ ਤਰ੍ਹਾਂ ਦੀ ਗੱਲ ਨੂੰ ਸੱਚ ਮੰਨਣ ਲਈ ਤਿਆਰ ਨਹੀਂ ਹਾਂ । ਸਗੋਂ ਅਸੀਂ ਇਸ ਤਰ੍ਹਾਂ ਦੇ ਮਨੁੱਖ ਨੂੰ ਪਾਗਲ ਨਹੀਂ ਕਹਾਂਗੇ ਤਾਂ ਹੋਰ ਕੀ ਕਹਾਂਗੇ ? ਜੇਕਰ ਇੱਕ ਕਿਸ਼ਤੀ ਆਪਣੇ ਆਪ ਨਹੀਂ ਬਣ ਸਕਦੀ ਤਾਂ ਇਹ ਇਨਸਾਨ ਕਿਵੇਂ ਆਪਣੇ ਆਪ ਬਣ ਜਾਵੇਗਾ। ਇਸੇ ਤਰ੍ਹਾਂ ਰੱਬ ਸੱਚਾ ਆਪਣੇ ਪਵਿੱਤਰ ਕਲਾਮ ਕੁਰਆਨ ਵਿੱਚ ਦੂਜੀ ਥਾਂ ’ਤੇ ਆਖਦਾ ਹੈ।

“ ਪੜ੍ਹ ਆਪਣੇ ਰੱਬ ਦੇ ਨਾਂ ਨਾਲ ਜਿਸ ਨੇ ਪੈਦਾ ਕੀਤਾ(1) ਜਿਸ ਨੇ ਮਨੁੱਖ ਨੂੰ ਖ਼ੂਨ ਦੇ ਲੋਥੜੇ ਤੋਂ ਪੈਦਾ ਕੀਤਾ (2)” (ਸੂਰਤ ਅਲਕ,ਆਇਤ 1-2)

ਇਹ ਪੜ੍ਹਨ ਦਾ ਹੁਕਮ ਅੱਲਾਹ ਨੇ ਆਪਣੇ ਨਬੀ ਮੁਹੰਮਦ (ਆਪ ਤੇ ਰੱਬ ਦੀ ਮਹਿਰ ਹੋਵੇ) ਨੂੰ ਆਪਣੇ ਇੱਕ ਫ਼ਰਿਸ਼ਤੇ ਜਿਬਰਾਈਲ (ਅਲੈ.) ਰਾਹੀਂ ਦਿੱਤਾ ਸੀ। ਜਿਬਰਾਈਲ (ਅਲੈ.)ਰੱਬ ਸੱਚੇ ਦਾ ਸੁਨੇਹਾ ਉਸ ਦੇ ਨਬੀ ਤੱਕ ਪਹੁੰਚਾਉਣ ਵਾਲੇ ਫ਼ਰਿਸ਼ਤੇ ਸਨ ਅਤੇ ਫੇਰ ਨਬੀ ਅੱਗੇ ਲੋਕਾਂ ਤੱਕ ਰੱਬ ਦਾ ਸੁਨੇਹਾ ਪਹੁੰਚਾਉਂਦੇ ਸੀ। ਜਦੋਂ ਜਿਬਰਾਈਲ (ਅਲੈ.) ਪਹਿਲੀ ਵਾਰ ਰੱਬ ਵੱਲੋਂ ਆਏ ਸੀ ਤਾਂ ਉਨ੍ਹਾਂ ਨੇ ਅੱਲਾਹ ਦੇ ਨਬੀ ਮੁਹੰਮਦ (ਆਪ ਤੇ ਰੱਬ ਦੀ ਮਹਿਰ ਹੋਵੇ) ਨੂੰ ਕਿਹਾ ।

“ਐ ਨਬੀ! ਉਸ ਰੱਬ ਦੇ ਨਾਂ ਨਾਲ ਪੜ੍ਹੋ ਜਿਸ ਨੇ ਤੁਹਾਨੂੰ ਖ਼ੂਨ ਦੇ ਲੋਥੜੇ ਤੋਂ ਪੈਦਾ ਕੀਤਾ ।”

ਜਦੋਂ ਜਿਬਰਾਈਲ (ਅਲੈ.) ਰੱਬ ਵੱਲੋਂ ਆਏ ਤਾਂ ਉਨ੍ਹਾਂ ਨੇ ਮੁਹੰਮਦ (ਸ.)ਦਾ ਅਤੇ ਰੱਬ ਦਾ ਉਹੀ ਸਬੰਧ ਦੱਸਿਆ ਜਿਹੜਾ ਕਿ ਦੋਹਾਂ ਦਾ ਆਪਸ ਵਿੱਚ ਹੈ।ਉਹ ਸਬੰਧ ਕਿਹੜਾ ਹੈ। ਉਹ ਸਬੰਧ ਮਾਲਕ ਅਤੇ ਬੰਦੇ ਦਾ ਹੈ,ਉਹ ਮਾਲਕ ਪੈਦਾ ਕਰਨ ਵਾਲਾ ਅਤੇ ਜਿਸ ਨੂੰ ਖ਼ੂਨ ਦੇ ਲੋਥੜੇ ਤੋਂ ਪੈਦਾ ਕੀਤਾ ਉਹ ਉਸ ਦਾ ਬੰਦਾ ਹੈ ਨਾ ਕਿ ਉਹ ਵੀ ਮਾਲਕ ਦੇ ਬਰਾਬਰ ਹੈ। ਭਾਵ ਕਿ ਮੁਹੰਮਦ(ਸ.)ਇਸ ਸਰਿਸ਼ਟੀ ਦੇ ਸਾਰੇ ਮਨੁੱਖਾਂ ਨਾਲੋਂ ਉੱਚੇ ਵਧੀਆ, ਸਭ ਤੋਂ ਸੱਚੇ ਅਤੇ ਪਿਆਰੇ ਬੰਦੇ ਹਨ ਪਰ ਉਹ ਵੀ ਰੱਬ ਦੇ ਮੁਕਾਬਲੇ ਵਿੱਚ ਕੇਵਲ ਇੱਕ ਬੰਦੇ ਹੀ ਸਨ। ਉਨ੍ਹਾਂ ਨੂੰ ਵੀ ਰੱਬ ਸੱਚੇ ਨੇ ਪੈਦਾ ਕੀਤਾ ਸੀ। ਇਹ ਗੱਲਾਂ ਇੱਥੇ ਇਸ ਲਈ ਕਹੀਆਂ ਜਾ ਰਹੀਆਂ ਹਨ ਕਿਉਂਕਿ ਬਹੁਤ ਸਾਰੇ ਲੋਕ ਗੁਰੂਆਂ ਨੂੰ ਹੀ ਰੱਬ ਸਮਝ ਬੈਠਦੇ ਹਨ ਅਤੇ ਉਨ੍ਹਾਂ ਨੂੰ ਹੀ ਮੱਥਾ ਟੇਕਦੇ ਹਨ ਜਾਂ ਫੇਰ ਉਨ੍ਹਾਂ ਦੇ ਕਲਾਮ ਅੱਗੇ ਸਿਰ ਝੁਕਾਉਂਦੇ ਹਨ ਜੋ ਕਿ ਸਹੀ ਨਹੀਂ ਹੈ। ਇਸੇ ਤਰ੍ਹਾਂ ਰੱਬ ਸੱਚਾ ਆਖਦਾ ਹੈ :

"ਯਕੀਨਨ ਅਸੀਂ ਮਨੁੱਖ ਨੂੰ ਬੇਹਤਰੀਨ ਸ਼ਕਲ ਵਿੱਚ ਪੈਦਾ ਕੀਤਾ "

(ਸੂਰਤ ਤੀਨ,ਆਇਤ-੪)

ਮਨੁੱਖ ਨੂੰ ਵੀਰਜ ਦੇ ਕਤਰੇ ਤੋਂ ਇੰਨਾ ਸੋਹਣਾ ਪੈਦਾ ਕਰਨ ਵਾਲਾ ਕੌਣ ਹੈ? ਜਿਹੜਾ ਮਨੁੱਖ ਅੱਜ ਅਸਮਾਨਾਂ ਵਿੱਚ ਉਡਾਰੀਆਂ ਮਾਰ ਰਿਹਾ ਹੈ ਅੱਗੇ ਹੀ ਵੱਧਦਾ ਜਾ ਰਿਹਾ ਹੈ ਉਸ ਨੂੰ ਇੱਥੇ ਤੱਕ ਪਹੁੰਚਾਉਣ ਵਾਲਾ ਕੌਣ ਹੈ? ਰੱਤਾ ਸੋਚਣ ਦੀ ਲੋੜ ਹੈ ਕਿ ਕੀ ਇਨ੍ਹਾਂ ਸਾਰੀਆਂ ਤਬਦੀਲੀਆਂ ਵਿੱਚ ਰੱਬ ਦੀਆਂ ਨਿਸ਼ਾਨੀਆਂ ਨਹੀਂ ਹਨ ? ਰੱਬ ਸੱਚੇ ਦੀਆਂ ਨਿਸ਼ਾਨੀਆਂ ਸਰਿਸ਼ਟੀ ਵਿੱਚ ਵੀ ਖਿਲਰੀਆਂ ਪਈਆਂ ਹਨ ਅਤੇ ਖ਼ੁਦ ਮਨੁੱਖ ਦੇ ਅੰਦਰ ਵੀ । ਅਸੀਂ ਨਿਸ਼ਾਨੀਆਂ ਰਾਹੀਂ ਰੱਬ ਤੱਕ ਪਹੁੰਚ ਵੀ ਸਕਦੇ ਹਾਂ ਅਤੇ ਨਿਸ਼ਾਨੀਆ ਰਾਹੀਂ ਸਾਨੂੰ ਰੱਬ ਦੀ ਪਛਾਣ ਵੀ ਹੁੰਦੀ ਹੈ ।

## ਮਨੁੱਖ ਆਪਣਾ ਰੱਬ ਕਿਸ ਨੂੰ ਮੰਨੇ ? :

ਜਿਹੜੀ ਅਹਿਮ ਅਤੇ ਮਹੱਤਵਪੂਰਣ ਗੱਲ ਹੈ ਉਹ ਇਹ ਹੈ ਕਿ ਅਸਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਾਡਾ ਰੱਬ ਕੋਣ ਹੈ ?ਅਤੇ ਰੱਬ ਦੀ ਵਿਸ਼ੇਸ਼ਤਾਵਾਂ ਕੀ ਹਨ? ਕੀ ਅਸੀਂ ਜਿਸ ਨੂੰ ਚਾਹੀਏ ਉਸ ਨੂੰ ਉਸ ਨੂੰ ਆਪਣਾ ਰੱਬ ਮੰਨ ਲਈਏਅਤੇ ਉਸ ਅੱਗੇ ਝੁੱਕ ਜਾਈਏ ?ਭਾਵੇਂ ਉਹ ਕੋਈ ਸਾਥੋਂ ਵੀ ਕਮਜ਼ੋਰ ਜਾਂ ਮਾੜੀ ਹੀ ਚੀਜ਼ ਕਿਉਂ ਨਾਂ ਹੋਵੇ, ਭਾਵੇਂ ਉਹ ਕੋਈ ਮਰਿਆ ਹੋਇਆ ਬਜ਼ੁਰਗ ਜਾਂ ਕੋਈ ਪੀਰ,ਫ਼ਕੀਰ ਹੋਵੇ, ਜਾਂ ਕੋਈ ਅਜਿਹੀ ਹੀ ਚੀਜ਼ ਹੋਵੇ, ਜਿਸ ਨੂੰ ਅਸੀਂ ਆਪਣੇ ਹੀ ਹੱਥਾਂ ਨਾਲ,ਬਣਾਂ ਸੰਵਾਰ ਕੇ ਆਪਣੇ ਅੱਗੇ ਰੱਖੀਏ ਅਤੇ ਉਸ ਦੇ ਅੱਗੇ ਜੁੱਝ ਜਾਈਏ ।ਭਾਵੇਂ ਉਹ ਕੋਈ ਜਾਨਵਰ ਹੀ ਕਿਉਂ ਨਾ ਹੋਵੇ ।ਕੀ ਕੋਈ ਜਾਨਵਰ ਮਨੁੱਖ ਨਾਲੋਂ ਵਧੀਆ ਅਤੇ ਉੱਚਾ ਹੋਇਆ ਹੈ? ਕਦੇ ਅਸੀਂ ਇੱਥੇ ਕਦੇ ਉੱਥੇ, ਜਿਸ ਦੇ ਅੱਗੇ ਚਾਹੀਏ ਆਪਣੇ ਆਪ ਨੂੰ ਝੁਕਾ ਦੇਈਏ। ਜਿਸ ਤੋਂ ਕੋਈ ਕੰਮ ਦੇ ਵਿਗੜਨ ਦੀ ਉੱਮੀਦ ਹੋਵੇ ਉਸ ਦੇ ਅੱਗੇ ਝੁਕ ਗਏ ਅਤੇ ਜਿਸ ਤੋਂ ਲਾਭ ਦੀ ਆਸ ਹੋਵੇ ਉਸ ਦੇ ਅੱਗੇ ਝੁੱਕ ਗਏ ।ਜਦ ਕਿ ਲਾਭ-ਹਾਨੀ,ਦੁੱਖ-ਤਕਲੀਫ਼ ਕੇਵਲ ਮਾਲਕ ਦੇ ਹੱਥ ਹੈ ।ਕੀ ਮਨੁੱਖ ਇਨਾ ਕਮਜ਼ੋਰ ਹੈ ਕਿ ਉਹ ਜਿਸ ਤੋਂ ਚਾਹੇ ਡਰ ਜਾਵੇ, ਜਿਸ ਤੋਂ ਚਾਹੇ ਦਬ ਜਾਵੇ,ਜਦ ਕਿ ਰੱਬ ਸੱਚੇ ਨੇ ਮਨੁੱਖ ਨੂੰ ਸਭ ਤੋਂ ਉੱਚਾ,ਸਭ ਤੋਂ ਵਧੀਆ ਬਣਾਇਆ ਹੇ। ਉਸ ਨੂੰ ਤਾਂ ਕੇਵਲ ਇੱਕ ਅੱਲਾਹ ਅੱਗੇ ਹੀ ਝੁੱਕਣਾ ਚਾਹੀਦਾ ਹੈ ਜਿਸ ਨੇ ਉਸ ਨੂੰ ਬਣਾਇਆ ਹੈ,ਉਹ ਤਾਂ ਰੱਬ ਕੇਵਲ ਇੱਕ ਹੀ ਹੈ ।ਲੋਕਾਂ ਨੂੰ ਸਮਝਾਉਣ ਲਈ ਪਵਿੱਤਰ ਕੁਰਆਨ ਵਿੱਚ ਇੱਕ ਉਦਾਹਰਨ ਬਿਆਨ ਕੀਤੀ ਜਾਂਦੀ ਹੈ ।

“ ਅੱਲਾਹ ਤਆਲਾ ਮਿਸਾਲ ਬਿਆਨ ਕਰ ਰਿਹਾ ਹੈ ਇੱਕ ਉਹ ਮਨੁੱਖ ਹੈ ਜਿਸ ਦੇ ਬਹੁਤ ਸਾਰੇ ਆਪਸ ਵਿੱਚ ਵਿਰੋਧਤਾ ਰੱਖਣ ਵਾਲੇ(ਝਗੜਾਲੂ) ਸਾਂਝੀਦਾਰ ਹਨ ਅਤੇ ਦੂਜਾ ਉਹ ਜਿਹੜਾ ਕੇਵਲ ਇੱਕ ਹੀ ਦਾ ਗ਼ੁਲਾਮ ਹੈ ਕੀ ਇਹ ਦੋਵੇਂ ਗੁਣਾਂ (ਖੂਬੀਆਂ)ਵਿੱਚ ਬਰਾਬਰ ਹਨ?(ਸੂਰਤ ਜ਼ੁਮਰ ਆਇਤ29)

ਕੁਰਆਨ ਦੀ ਇਸ ਆਇਤ ਤੋਂ ਸਿੱਖਿਆ ਲੈਣ ਦੀ ਲੋੜ ਹੈ, ਇੱਕ ਮਨੁੱਖ ਤਾਂ ਉਹ ਹੈ ਜਿਸ ਦੇ ਬਹੁਤ ਸਾਰੇ ਮਾਲਕ ਹਨ, ਮਾਲਕ ਵੀ ਅਜਿਹੇ ਜਿਹੜੇ ਆਪਸ ਵਿੱਚ ਵਿਰੋਧਤਾ ਰੱਖਣ ਵਾਲੇ ਹੋਣ ਅਤੇ ਹਰ ਮਾਲਕ ਉਸ ਇਕੱਲੇ ਵਿਅਕਤੀ ਨੂੰ ਆਪਣੇ ਵੱਲ ਬੁਲਾਉਂਦਾ ਹੈ ਤਾਂ ਵਿਚਾਰਾ ਇਹ ਵਿਅਕਤੀ ਕਿਸ-ਕਿਸ ਨੂੰ ਰਾਜ਼ੀ ਕਰ ਲਵੇਗਾ ।ਕਿਸ ਕਿਸ ਦੀ ਮੰਨੇਗਾ? ਇਸ ਦੇ ਉਲਟ ਇੱਕ ਵਿਅਕਤੀ ਹੈ ਜਿਸਦਾ ਮਾਲਕ ਕੇਵਲ ਇੱਕ ਹੀ ਹੈ ਉਸ ਦਾ ਦੂਜਾ ਸਾਂਝੀਦਾਰ ਨਹੀਂ ਹੈ ।ਹੁਣ ਇਹ ਨੌਕਰ ਬਹੁਤ ਹੀ ਅਸਾਨੀ ਨਾਲ ਆਪਣੇ ਇੱਕ ਮਾਲਿਕ ਨੂੰ ਰਾਜੀ ਕਰ ਸਕਦਾ ਹੈ ।ਬਿਲਕੁਲ ਅਜਿਹੀ ਹਾਲਤ ਉਨ੍ਹਾਂ ਲੋਕਾਂ ਦੀ ਹੈ ਜਿਹੜੇ ਆਪਣੇ ਇੱਕ ਪੈਦਾ ਕਰਨ ਵਾਲੇ ਮਾਲਕ ਨੂੰ ਛੱਡ ਕੇ ਦੂਸਰਿਆਂ ਤੋਂ ਆਸਾਂ ਅਤੇ ਉੱਮੀਦਾਂ ਜੋੜਦੇ ਹਨ ਅਤੇ ਉਨ੍ਹਾਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ ।ਦਰ-ਦਰ ਤੇ ਜਗ੍ਹਾ-ਜਗ੍ਹਾ ਮਾਰੇ-ਮਾਰੇ ਭਟਕ ਦੇ ਫਿਰਦੇ ਹਨ ।ਪਰ ਆਪਣੇ ਸੱਚੇ ਮਾਲਕ ਨੂੰ ਨਹੀਂ ਮੰਨਦੇ ਅਤੇ ਉਸ ਨੂੰ ਰਾਜੀ ਨਹੀਂ ਕਰਦੇ ।ਜਦ ਕੋਈ ਆਪਣਾ ਯਕੀਨ ਅਤੇ ਭਰੋਸਾ, ਆਸਾਂ ਅਤੇ ਉੱਮੀਦਾਂ ਇੱਕ ਮਾਲਕ ਨੂੰ ਛੱਡ ਕੇ ਕਿਸੇ ਹੋਰ ਨਾਲ ਜੋੜਦਾ ਹੈ ਤਾਂ ਉਸ ਦਾ ਇਹੋ ਹਾਲ ਹੁੰਦਾ ਹੈ ਜਿਹੜਾ ਕਿ ਉੱਪਰ ਦੱਸਿਆ ਗਿਆ ਹੈ ।

ਇਹੋ ਗੱਲ ਆਦਰਯੋਗ ਹਜ਼ਰਤ ਯੂਸਫ਼ (ਅਲੈ.)ਨੇ ਆਖੀ ਸੀ ।ਹਜ਼ਰਤ ਯੂਸਫ਼ ਕੋਣ ਸਨ ?ਇਹ ਵੀ ਹਜ਼ਰਤ ਮੁਹੰਮਦ (ਸ.) ਤੋਂ ਪਹਿਲਾਂ ਰੱਬ ਵੱਲੋਂ ਭੇਜੇ ਗਏ ਇੱਕ ਨਬੀ ਸਨ ।ਉਸ ਸਮੇਂ ਦੇ ਬਾਦਸ਼ਾਹ ਦੀ ਪਤਨੀ ਨੇ ਉਨ੍ਹਾਂ ਤੇ ਝੂਠਾ ਇਲਜ਼ਾਮ ਲਗਾ ਕੇ ਉਨ੍ਹਾਂ ਨੂੰ ਜੇਲ੍ਹ ਕਰਵਾ ਦਿੱਤੀ ਸੀ ।ਇਹ ਇੱਕ ਲੰਮੀ ਕਹਾਣੀ ਹੈ ਜਿਸ ਨੂੰ ਅਸੀਂ ਇਸ ਥਾਂ ਦੱਸ ਨਹੀ ਸਕਦੇ ।ਅਸੀਂ ਕੇਵਲ ਮੂਲ ਵਿਸ਼ੇ ਦੀ ਗੱਲ ਕਰਦੇ ਹਾਂ। ਯੂਸਫ਼ (ਅਲੈ.)ਆਖਦੇ

“ਐ ਮੇਰੇ ਜੇਲ੍ਹ ਦੇ ਸਾਥਿਓ ! ਕੀ ਵੱਖੋ –ਵੱਖਰੇ ਕਈ ਰੱਬ ਰੱਬ ਬੇਹਤਰ ਹਨ ਜਾਂ ਇੱਕ ਅੱਲਾਹ ਜ਼ਬਰਦਤ ਤਾਕਤ ਵਾਲਾ?(39)ਉਸ ਤੋਂ ਛੁੱਟ ਤਸੀਂ ਜਿਨ੍ਹਾਂ ਦੀ ਪੂਜਾ ਪਾਠ

ਕਰ ਰਹੇ ਹੋ ਉਹ ਸਾਰੇ ਨਾਮ ਹੀ ਨਾਮ ਹਨ ।ਜਿਹੜੇ ਤੁਸਾਂ ਨੇ ਅਤੇ ਤੁਹਾਡੇ ਬਾਪ ਦਾਦਿਆਂ ਨੇ ਆਪੇ ਹੀ ਘੜ੍ਹ ਲਏ ਹਨ ।ਅੱਲਾਹ ਤਆਲਾ ਨੇ ਉਸ ਦੀ ਦਲੀਲ ਨਹੀਂ ਉਤਾਰੀ ਆਗਿਆਕਾਰੀ ਕੇਵਲ ਅੱਲਾਹ ਤਆਲਾ ਹੀ ਹੈ ।ਉਸ ਦਾ ਆਦੇਸ਼ ਹੈ ਕਿ ਤੁਸਾਂ ਸਾਰੇ ਉਸ ਤੋਂ ਛੁੱਟ ਕਿਸੇ ਹੋਰ ਦੀ ਬੰਦਗੀ ਨਾ ਕਰੋ ਇਹੋ ਧਰਮ ਸਹੀ ਹੈ ਪਰ ਵਧੇਰੇ ਲੋਕ ਜਾਣ ਦੇ ਨਹੀਂ (40)" (ਸੂਰਤ ਯੂਸੁਫ਼,ਆਇਤ ਨ.39,40)

ਹਜ਼ਰਤ ਯੂਸਫ਼ (ਅਲੈ.)ਦਾ ਆਪਣੇ ਸਾਥਿਆਂ ਤੋਂ ਸਵਾਲ ਪੁੱਛਣ ਦਾ ਕੀ ਕਾਰਨ ਸੀ? ਕੀ ਇਹ ਸਵਾਲ ਇੱਕ ਆਮ ਸਵਾਲ ਸੀ? ਨਹੀਂ, ਇਹ ਕੋਈ ਆਮ ਸਵਾਲ ਨਹੀਂ ਸੀ,ਸਗੋਂ ਯੂਸਫ਼ (ਅਲੈ.)ਇਸ ਸਵਾਲ ਦੇ ਰਾਹੀਂ ਆਪਣੇ ਸਾਥਿਆਂ ਨੂੰ ਸੱਚੇ ਰੱਬ ਦੀ ਸੱਚੀ ਸਿੱਖਿਆ ਦੇਣਾ ਚਾਹੁੰਦੇ ਸਨ ।ਸਵਾਲ ਮਗਰੋਂ ਆਪ ਹੀ ਜਵਾਬ ਦੇ ਕੇ ਉਨ੍ਹਾਂ ਦੀ ਵਿਗੜੀ ਸੋਚ ਠੀਕ ਕਰਨਾ ਚਾਹੰਦੇ ਸੀ ।ਉਹ ਸ਼ਰਧਾ ਜਿਹੜੀ ਕਿ ਉਨ੍ਹਾਂ ਨੇ ਰੱਬ ਤੋਂ ਛੁੱਟ ਕਿਸੇ ਹੋਰ ਪਾਸੇ ਲਾਈ ਹੁਈ ਸੀ ।ਉਸ ਸ਼ਰਧਾ ਨੂੰ ਸੱਚੇ ਰੱਬ ਨਾਲ ਜੋੜਨਾ ਚਾਹੁੰਦੇ ਸੀ ।ਸਵਾਲ ਕੀਤਾ "ਐ ਮੇਰੇ ਭਰਾਵੋ !ਦੱਸੋ ਭਲਾ ਬਹੁਤ ਸਾਰੇ ਰੱਬ ਸਹੀ ਹਨ ਜਾਂ ਇੱਕੋ-ਇੱਕ ਰੱਬ?ਜਿਸ ਦੇ ਵਰਗਾ ਕੋਈ ਹੋਰ ਨਹੀਂ ਹੈ" ਅਤੇ ਫੇਰ ਆਪ ਹੀ ਜਵਾਬ ਦਿੱਤਾ "ਕੀ ਭਲਾ ਤੁਸਾਂ ਨੇ ਜਿਹੜੇ ਵੀ ਇੱਕ ਅੱਲਾਹ ਤੋਂ ਛੁੱਟ ਬਹੁਤ ਰੱਬ ਬਣਾ ਲਏ ਹਨ ਉਨ੍ਹਾਂ ਦੀ ਤੁਹਾਡੇ ਕੋਲ ਕੋਈ ਦਲੀਲ ਹੈ ?ਜਾਂ ਰੱਬ ਨੇ ਕੋਈ ਦਲੀਲ ਭੇਜੀ ਹੈ? ਜਾਂ ਫੇਰ ਉਸ ਸੱਚੇ ਰੱਬ ਨੇ ਤੁਹਾਨੂੰ ਕਿਹਾ ਹੈ ਕਿ ਤੁਸੀਂ ਮੈਨੂੰ ਛੱਡ ਕੇ ਹੋਰਾਂ ਨੂੰ ਫੜ ਲਓ? ਕੀ ਤੁਹਾਡੇ ਕੋਲ ਇਸ ਦੀ ਦਲੀਲ ਹੈ? ਇਹ ਹੋਰ ਕੁਝ ਵੀ ਨਹੀਂ ਸਿਵਾਏ ਇਸ ਤੋਂ ਕਿ ਤੁਸੀਂ ਅਤੇ ਤੁਹਾੜੇ ਬਾਪ ਦਾਦਿਆਂ ਨੇ ਆਪਣੇ ਮਨ ਤੋਂ ਕੁਝ ਨਾਂ ਘੜ੍ਹ ਲਈ ਹਨ ਅਤੇ ਆਪ ਹੀ ਉਨ੍ਹਾਂ ਦੀ ਸ਼ਰਧਾ ਆਪਣੇ ਦਿਲਾਂ ਵਿੱਚ ਬਿਠਾ ਲਈ ਹੈ ।" ਜਿਵੇਂ ਕਿ ਅਸੀਂ ਅੱਜ ਵੀ ਵੇਖਦੇ ਹਾਂ ਕਿ ਲੋਕਾਂ ਨੇ ਬਹੁਤ ਸਾਰੇ ਨਾਂ ਘੜ੍ਹੇ ਹੋਵੇ ਹਨ ਜਿਵੇਂ ਕਿ ਫ਼ਲਾਂ ਪੀਰ ਲਾਲਾਂ ਵਾਲਾ ਹੈ ਅਤੇ ਉਸ ਨੂੰ ਲਾਲਾਂ ਵਾਲੇ ਪੀਰ ਦੇ ਨਾਂ ਨਾਲ ਪੁਕਾਰਦੇ ਹਨ ।ਇਸੇ ਤਰ੍ਹਾਂ ਕਿਸੇ ਨੂੰ ਖਵਾਜਾ ਗ਼ਰੀਬ ਨਵਾਜ਼, ਕਿਸੇ ਨੂੰ ਗੰਜ

ਬਖ਼ਸ਼,ਕਿਸੇ ਨੂੰ ਬੜੀ ਕਰਨੀ ਵਾਲਾ ਆਖਦੇ ਹਨ ਅਤੇ ਕਿਸੇ ਨੂੰ ਧਨ-ਦੌਲਤ ਵਾਲੀ ਮਾਤਾ ਦੱਸਦੇ ਹਨ ।ਉਨ੍ਹਾਂ ਕੋਲ ਇਸ ਦੀ ਕੋਈ ਦਲੀਲ ਨਹੀਂ ਹੈ ।

## ਰੱਬ ਨੂੰ ਪਰਖਣ ਦੀ ਇੱਕ ਕਸੌਟੀ

ਅਸੀਂ ਆਪਣਾ ਰੱਬ ਕਿਸ ਨੂੰ ਮੰਨੀਏ ਅਤੇ ਕਿਸ ਨੂੰ ਨਾ ਮੰਨੀਏ? ਰੱਬ ਹੋਣ ਦਾ ਕਿਸ ਨੂੰ ਅਧਿਕਾਰ ਹੈ ਅਤੇ ਕਿਸ ਨੂੰ ਅਧਿਕਾਰ ਨਹੀਂ? ਕੀ ਇਹ ਅਧਿਕਾਰ ਹਰ ਕੋਈ ਰੱਖ ਦਾ ਹੈ? ਨਹੀਂ ! ਇਹ ਅਧਿਕਾਰ ਹਰ ਕੋਈ ਨਹੀਂ ਰੱਖਦਾ ।ਸਗੋਂ ਇਹ ਅਧਿਕਾਰ ਕੇਵਲ ਉਸ ਨੂੰ ਹੈ ਜਿਸ ਵਰਗਾ ਕੋਈ ਹੋਰ ਨਾ ਹੋਵੇ ।ਜਿਸ ਵਰਗੀਆਂ ਵਿਸ਼ੇਸ਼ਤਾਂਵਾਂ ਕਿਸੇ ਹੋਰ ਵਿੱਚ ਨਾ ਪਾਈਆਂ ਜਾਂਦੀਆਂ ਹੋਣ ।ਰੱਬ ਦੀਆਂ ਵਿਸ਼ੇਸ਼ਤਾਂਵਾਂ ਕੀ ਹਨ? ਉਸ ਸੱਚੇ ਰੱਬ ਦੀਆਂ ਵਿਸ਼ੇਸ਼ਤਾਂਵਾਂ ਨਾਲ ਕੁਰਆਨ ਭਰਿਆ ਪਿਆ ਹੈ ।ਜਿਸ ਵਿੱਚੋਂ ਅਸੀਂ ਕੁਝ ਵਿਸ਼ੇਸ਼ਤਾਵਾਂ ਬਿਆਨ ਕਰਦੇ ਹਾਂ ।ਜ਼ਰਾ ਧਿਆਨ ਨਾਲ ਸੋਚੋ ਜਦੋਂ ਹਜ਼ਰਤ ਮੁਹੰਮਦ(ਸ.)ਨੇ ਲੋਕਾਂ ਨੂੰ ਇੱਕ ਅੱਲਾਹ ਵੱਲ ਬਲਾਇਆ ਤਾਂ ਲੋਕਾਂ ਨੇ ਕਿਹਾ ਕਿ ਸਾਨੂੰ ਦੱਸੋ ਤੁਹਾਡਾ ਅੱਲਾਹ ਕੋਣ ਹੈ ?ਜਿਸ ਦੇ ਜਵਾਬ ਵਿੱਚ ਰੱਬ ਵੱਲੋਂ ਇਹ ਸੂਰਤ ਭਜੀ ਗਈ ।

"ਕਹੋ ਅੱਲਾਹ ਤਆਲਾ ਇੱਕ (ਹੀ)ਹੈ(1)ਅੱਲਾਹ ਤਆਲਾ ਬੇ-ਪਰਵਾਹ ਹੈ (ਕਿਸੇਦਾ ਲੋੜ ਮੰਦ ਨਹੀਂ ਹੈ)(2)ਨਾ ਉਸ ਤੋਂ ਕੋਈ ਪੈਦਾ ਹੋਇਆ ਨਾ ਉਹ ਕਿਸੇ ਤੋਂ ਪੈਦਾ ਹੋਇਆ (3)ਅਤੇ ਨਾ ਕੋਈ ਉਸ ਦੇ ਜੋੜ ਦਾ ਹੈ (4)" (ਸੂਰਤ ਇਖਲਾਸ, ਆਇਤ 1ਤੋਂ 4)

ਇਸ ਸੂਰਤ ਵਿੱਚ ਰੱਬ ਦੀਆਂ ਪੰਜ ਵਿਸ਼ੇਸ਼ਤਾਵਾਂ ਦੱਸੀਆਂ ਗਈਆਂ ਹਨ ।

## ਪਹਿਲੀ ਵਸ਼ੇਸ਼ਤਾ :

ਆਓ,ਅਸੀਂ ਨਗ੍ਰਾਦੌੜਾਈਏ ਕਿ ਇਹ ਵਿਸ਼ੇਸ਼ਤਾਵਾਂ ਕਿਸੇ ਹੋਰ ਵਿੱਚ ਵੀ ਪਾਇਆਂ ਜਾਂਦੀਆਂ ਹਨ? ਉਹ ਕੇਵਲ ਇੱਕੋ-ਇੱਕ ਹੈ?ਅਤੇ ਉਸ ਜਿਹਾ ਕੋਈ ਦੂਜਾ ਨਹੀਂ ਹੈ ।ਅਜੀਹਾ ਕੋਈ ਵੀ ਨਹੀਂ ਹੈ ।

## ਦੂਜੀ ਵਿਸ਼ੇਸ਼ਤਾ :

ਅੱਲਾਹ ਉਹ ਹੈ ਜਿਸ ਨੂੰ ਕਿਸੇ ਦੀ ਲੋੜ ਨਹੀਂ ਸੋਗੋਂ ਸਾਰਿਆਂ ਨੂੰ ਉਸ ਦੀ ਲੋੜ ਹੈ ।ਅਸੀਂ ਸਾਰੇ ਇੱਕ ਦੂਜੇ ਦੇ ਲੋੜਵੰਦ ਹਾਂ ।ਸਾਡੀਆਂ ਲੋੜਾਂ ਇੱਕ ਦੂਜੇ ਦੇ ਨਾਲ ਜੁੜੀਆਂ ਹੋਈਆਂ ਹਨ। ਪਰ ਉਸ ਇਕੱਲੇ ਨੂੰ ਕਿਸੇ ਹੋਰ ਦੀ ਲੋੜ ਨਹੀਂ, ਜਿਸ ਨੂੰ ਕਿਸੇ ਦੀ ਲੋੜ ਹੋਵੇ ਉਹ ਸਾਡਾ ਰੱਬ ਨਹੀਂ ਹੋ ਸਕਦਾ ।ਉਹ ਇੱਕ ਆਮ ਆਦਮੀ ਹੈ ।ਜਿਸ ਨੂੰ ਕਿਸੇ ਦੂਜੇ ਦੀ ਲੋੜ ਪਵੇ ਤਾਂ ਇਸ ਤੋਂ ਭਾਵ ਇਹੋ ਹੋਇਆ ਕਿ ਉਸ ਵਿੱਚ ਕਮੀ ਪਾਈ ਜਾਂਦੀ ਹੈ ।ਅੱਲਾਹ ਵਿੱਚ ਕਿਸੇ ਤਰ੍ਹਾਂ ਦੀ ਕਮੀ ਨਹੀਂ ਹੈ ।

## ਤੀਜੀ ਅਤੇ ਚੌਥੀ ਵਿਸ਼ੇਸ਼ਤਾ :

ਉਸ ਨੂੰ ਕਿਸੇ ਨੇ ਨਹੀਂ ਜੰਮਿਆਂ ਅਤੇ ਨਾਹੀ ਉਸ ਤੋਂ ਕੋਈ ਜੰਮਿਆ ਹੈ ।ਜਿਸ ਨੂੰ ਕਿਸੇ ਨੇ ਜੰਮਿਆ ਹੋਵੇ, ਉਹ ਤਾਂ ਸਾਡੇ ਵਰਗਾ ਇੱਕ ਆਮ ਵਿਅਕਤੀ ਹੈ ।ਸਾਨੂੰ ਵੀ ਕਿਸੇ ਨੇ ਜੰਮਿਆ ਹੈ ਅਤੇ ਅਸੀਂ ਜਿਸ ਮਨੁੱਖ ਨੂੰ ਜਾਂ ਕਿਸੇ ਹੋਰ ਚੀਜ਼ ਨੂੰ ਰੱਬ ਮੰਨਦੇ ਹਾਂ ਉਸ ਨੂੰ ਵੀ ਕਿਸੇ ਨੇ ਜੰਮਿਆ ਜਾਂ ਬਣਾਇਆ ਹੈ, ਤਾਂ ਫੇਰ ਸਾਡੇ ਅਤੇ ਉਸ ਰੱਬ ਵਿੱਚ ਅੰਤਰ ਕੀ

ਹੋਇਆ ?ਜਿਹੜਾ ਪੈਦਾ ਹੋਇਆ ਹੈ ਉਸ ਨੂੰ ਮੌਤ ਵੀ ਆਉਣੀ ਹੈ ।ਜਦ ਕੀ ਰੱਬ ਨੂੰ ਕਦੀ ਮੌਤ ਨਹੀਂ ਆਵੇਗੀ ।ਕੁਰਆਨ ਵਿੱਚ ਰੱਬ ਇੱਕ ਥਾਂ 'ਤੇ ਆਖਦਾ ਹੈ :

"ਅਤੇ ਜਿਨ੍ਹਾਂ ਨੂੰ ਵੀ ਇਹ ਲੋਕ ਅੱਲਾਹ ਤਆਲਾ ਤੋਂ ਛੁੱਟ ਪੁਕਾਰਦੇ ਹਨ ਉਹ ਕਿਸੇ ਚੀਜ਼ ਨੂੰ ਪੈਦਾ ਨਹੀਂ ਕਰ ਸਕਦੇ ਬਲਕਿ ਉਹ ਖ਼ੁਦ ਪੈਦਾ ਕੀਤੇ ਹੋਏ ਹਨ (20)" (ਸੂਰਤ ਅਲ ਨਹਿਲ,ਆਇਤ20)

ਅਸਾ ਨੂੰ ਕੁਰਆਨ ਦੀ ਇਸ ਆਇਤ ਤੋਂ ਇੱਕ ਦਲੀਲ ਅਤੇ ਕਸੌਟੀ ਮਿਲਦੀ ਹੈ ਕਿ ਜਿਸ ਨੂੰ ਹੋਰ ਕਿਸੇ ਨੇ ਪੈਦਾ ਕਰ ਦਿੱਤਾ ਉਹ ਕਿਸੇ ਦੂਜੇ ਨੂੰ ਕੀ ਪੈਦਾ ਕਰੇਗਾ? ਜਦ ਕਿ ਉਹ ਤਾਂ ਖ਼ੁਦ ਪੈਦਾ ਕੀਤਾ ਗਿਆ ਹੈ ਅਤੇ ਇਸ ਤਰ੍ਹਾਂ ਕੁਰਆਨ ਵਿੱਚ ਲੋਕਾਂ ਨੂੰ ਸਮਝਾਇਆ ਜਾਂਦਾ ਹੈ ।

"ਤਾਂ ਕੀ ਉਹ ਜਿਹੜਾ ਪੈਦਾ ਕਰਦਾ ਹੈ ਉਸ ਵਰਗ ਹੈ ਜਿਹੜਾ ਪੈਦਾ ਨਹੀਂ ਕਰ ਸਕਦਾ?ਕੀ ਤੁਸੀਂ ਭੋਰਾ ਨਹੀਂ ਸੋਚਦੇ ?" (ਸੂਰਤ ਅਨ-ਨਹਿਲ,ਆਇਤ 17)

ਕੁਰਆਨ ਦੀ ਇਸ ਆਇਤ ਵਿੱਚ ਰੱਬ ਬੰਦਿਆਂ ਨੂੰ ਸਿੱਖਿਆ ਦਿੰਦਾ ਹੈ ਕਿ ਪੈਦਾ ਕਰਨ ਵਾਲਾ ਅਤੇ ਜਿਸ ਨੂੰ ਪੈਦਾ ਕੀਤਾ ਗਿਆ ਹੋਵੇ ਕਦੀ ਬਰਾਬਰ ਨਹੀਂ ਹੋ ਸਕਦੇ? ਤਾਂ ਫੇਰ ਤਾਂ ਫੇਰ ਲੋਕੋ: ਤੁਹਾਨੂੰ ਕੀ ਹੋ ਗਿਆ ਤੁਸੀਂ ਪੈਦਾ ਕੀਤੇ ਹੋਇਆਂ ਨੂੰ ਪੈਦਾ ਕਰਨ ਵਾਲੇ ਦੇ ਬਰਾਬਰ ਦੱਸਦੇ ਹੋ ?

## ਪੰਜਵੀ ਵਿਸ਼ੇਸ਼ਤਾ :

ਕੋਈ ਉਸ ਦੇ ਬਰਾਬਰ ਨਹੀਂ ਹੈ, ਬਰਾਬਰ ਦਾ ਨਾ ਹੋਣ ਤੋਂ ਕੀ ਭਾਵ ਹੈ ?ਭਾਵ ਹੈ ਕਿ ਉਹ ਆਪਣੇ ਆਪ ਵਿੱਚ ਵੀ ਇਕੱਲਾ ਹੈ ਅਤੇ ਆਪਣੀ ਵਿਸ਼ੇਸ਼ਤਾਵਾਂ ਵਿੱਚ ਵੀ ਇਕੱਲਾ ਹੈ ਜਿਹੜੀਆਂ ਵਿਸ਼ੇਸ਼ਤਾਵਾਂ ਉਸ ਮਾਲਕ ਦੀਆਂ ਹਨ ਕਿਸੇ ਹੋਰ ਦੀਆਂ ਨਹੀਂ ਹਨ ।

"ਉਸ ਵਰਗੀ ਕੋਈ ਸ਼ੈਅ ਨਹੀਂ ਹੈ(11)"(ਸੂਰਤ ਸ਼ੂਅਰਾ,ਆਇਤ 11)

ਉਸ ਦੀ ਨਾ ਤਾਂ ਸਾਡੇ ਵਰਗੀ ਸ਼ਕਲ ਹੈ ਅਤੇ ਨਾ ਹੀ ਉਹ ਕਿਸੇ ਦੀ ਸ਼ਕਲ ਵਿੱਚ ਆਪ ਆਇਆ ਹੈ।ਨਾ ਹੀ ਉਸ ਦੀ ਕੋਈ ਹੋਰ ਸ਼ਕਲ ਧਾਰਨ ਕਰ ਸਕਦਾ ਹੈ,ਰੱਬ ਹੋਣ ਦਾ ਹੱਕ ਕੇਵਲ ਉਸ ਨੂੰ ਹੈ ਜਹੜਾ ਸੱਭ ਨੂੰ ਅਤੇ ਸੱਭ ਕੁਝ ਪੈਦਾ ਕਰਨ ਵਾਲਾ ਹੋਵੇ ਅਤੇ ਸਭ ਨੂੰ ਖਾਣ-ਪੀਣ ਨੂ ਦੇਣ ਵਾਲਾ ਹੋਵੇ ਅਤੇ ਸਭਨਾਂ ਦੀਆਂ ਲੋੜਾਂ ਪੂਰੀਆਂ ਕਰਨ ਵਾਲਾ ਹੋਵੇ, ਕੁਰਆਨ ਸਾਨੂੰ ਦੱਸਦਾ ਹੈ ਕਿ ਸਾਡਾ ਰੱਬ ਕੋਣ ਹੈ ਅਤੇ ਕੋਣ ਨਹੀਂ ਹੈ।ਰੱਬ ਕਹਾਉਣ ਦਾ ਹੱਕ ਕਿਸ ਨੂੰ ਹੈ ਅਤੇ ਕਿਸ ਨੂੰ ਨਹੀਂ ਹੈ? ਕੁਰਆਨ ਦੀਆਂ ਇਨ੍ਹਾਂ ਆਇਤਾਂ ਨੂੰ ਧਿਆਨ ਨਾਲ ਅਤੇ ਸੱਚੇ ਦਿਲੋਂ ਪੜ੍ਹਨ ਦੀ ਲੋੜ ਹੈ ਤਾਂ ਜੋ ਅਸੀਂ ਹਕੀਕਤ ਅਤੇ ਸੱਚਾਈ ਨੂੰ ਸਮਝ ਸਕੀਏ ਜਿਹੜੀ ਕਿ ਕੁਰਆਨ ਸਾਨੂੰ ਸਮਝਾਉਣਾ ਚਾਹੁੰਦਾ ਹੈ।

## ਅੱਲਾਹ ਦਾ ਚੈਲੇਂਜ :

"ਭਲਾ ਦੱਸੋਂ ਤਾਂ ਅਸਮਾਂਨਾਂ ਨੂੰ ਅਤੇ ਜਮੀਨ ਨੂੰ ਕਿਸ ਨੇ ਪੈਦਾ ਕੀਤਾ ਹੈ? ਕਿਸ ਨੇ ਅਸਮਾਨ ਤੋਂ ਮੀਂਹ ਪਾਇਆ? ਫੇਰ ਉਸ ਤੋਂ ਹਰੇ-ਭਰੇ ਰੋਣਕਾਂ ਵਾਲੇ ਬਾਗਾਂ ਨੂੰ ਉਗਾਇਆ, ਇਨ੍ਹਾਂ ਬਾਗਾਂ ਦੇ ਦਰੱਖ਼ਤਾਂ ਨੂੰ ਤੁਸੀਂ ਕਦੀ ਵੀ ਉਗਾ ਨਾ ਸਕਦੇ,ਕੀ ਅੱਲਾਹ ਦੇ ਨਾਲ ਕੋਈ ਹੋਰ (ਈਸ਼ਟ)ਵੀ ਹੈ ?ਬਲਕੀ ਇਹ ਲੋਕ ਹਟ ਜਾਂਦੇ ਹਨ (ਸਿੱਧੀ ਰਾਹ ਤੋਂ) (60) ਕੀ ਉਹ ਜਿਸ ਨੇ ਧਰਤੀ ਨੂੰ ਠਹਿਰਣ ਦਾ ਸਥਾਨ ਬਣਾਇਆ ਅਤੇ ਉਸ ਦੇ ਵਿਚਕਾਰ ਦਰਿਆ ਵਗਾਏ ਅਤੇ ਉਸ ਦੇ ਲਈ ਪਹਾੜ ਬਣਾਏ ਅਤੇ ਦੋ ਸਮੁੰਦਰਾਂ ਦੇ ਵਿਚਕਾਰ ਰੋਕ ਬਣਾਈ, ਕੀ ਅੱਲਾਹ ਦੇ ਨਾਲ ਕੋਈ ਹੋਰ (ਈਸ਼ਟ)ਵੀ ਹੈ? ਸਗੋਂ ਇਨ੍ਹਾਂ ਵਿੱਚੋਂ ਵਧੇਰੇ ਕੁਝ ਜਾਣਕਾਰ(61)ਬੇ ਕਰਾਰ ਦੀ ਅਰਜੋਈ ਨੂੰ ਜਦ ਕਿ ਉਹ ਪੁਕਾਰਦਾ ਹੈ (ਕੁਰਲਾਉਂਦਾ ਹੈ)ਕੋਣ ਕਬੂਲ ਕਰਕੇ ਸਖ਼ਤੀ ਦੋਰ ਕਰ ਦਿੰਦਾ ਹੈ? ਅਤੇ ਤੁਹਾਨੂੰ ਧਰਤੀ ਦਾ ਅਧਿਕਾਰੀ ਬਣਾਉਂਦਾ ਹੈ,ਕੀ ਅੱਲਾਹ ਨਾਲ ਕੋਈ ਹੋਰ (ਈਸ਼ਟ)ਵੀ ਹੈ? ਤੁਸੀਂ ਬਹੁਤ

ਹੀ ਘੱਟ ਨਸੀਹਤ ਅਤੇ ਸਬਕ ਹਾਸਿਲ ਕਰਦੇ ਹੋ(62) ਕੀ ਉਹ ਜਿਹੜਾ ਤੁਹਾਨੂੰ ਖ਼ੁਸ਼ਕ ਅਤੇ ਤਰੀ ਦੇ ਹਨੇਰਿਆਂ ਵਿੱਚ ਰਾਹ ਦਿਖਾਉਂਦਾ ਹੈ ਅਤੇ ਜੋਂ ਆਪਣੀ ਮਹਿਰ ਤੋਂ ਪਹਿਲਾ ਹੀ ਖ਼ੁਸ਼ਖ਼ਬਰੀਆਂ ਦੇਣ ਵਾਲੀਆਂ ਹਵਾਵਾਂ ਚਲਾਉਂਦਾ ਹੈ, ਕੀ ਅੱਲਾਹ ਦੇ ਨਾਲ ਕੋਈ ਹੋਰ (ਈਸ਼ਟ)ਵੀ ਹੈ? ਜਿਨ੍ਹਾਂ ਨੂੰ ਇਹ ਰੱਬ ਦਾ ਸਾਂਝੀਦਾਰ ਬਣਾਉਂਦੇ ਹਨ ਉਨ੍ਹਾਂ ਸਾਰਿਆਂ ਤੋਂ ਅੱਲਾਹ ਉੱਚਾ ਅਤੇ ਵਧੇਰੇ ਉੱਚਾ ਹੈ (63)ਕੀ ਉਹ ਜਿਹੜਾ ਸਰਿਸ਼ਟੀ ਪੈਦਾ ਕਰਦਾ ਹੈ ਫੇਰ ਉਸ ਨੂੰ ਦੋਹਰਾਉਂਦਾ ਹੈ (ਭਾਵ ਦੁਬਾਰਾ ਤੋਂ ਪੈਦਾ ਕਰਦਾ ਹੈ)ਅਤੇ ਜਿਹੜਾ ਤੁਹਾਨੂੰ ਅਸਮਾਨਾਂ ਅਤੇ ਜ਼ਮੀਨ ਵਿੱਚੋਂ ਰੋਜ਼ੀਆਂ (ਭਾਵ ਖਾਣ-ਪੀਣ ਲਈ)ਦੇ ਰਿਹਾ ਹੈ ਕੀ ਅੱਲਾਹ ਦੇ ਨਾਲ ਕੋਈ ਹੋਰ (ਮਾਅਬੂਦ)ਵੀ ਹੈ?(ਹੇ ਨਬੀ ਇਨ੍ਹਾਂ ਨੂੰ)ਆਖੋ ਕਿ ਲਿਆਉ ਆਪਣੀ ਦਲੀਲ ਜੇ ਤੁਸੀਂ ਸੱਚੇ ਹੋ?(64)ਇਨ੍ਹਾਂ ਨੂੰ ਆਖੋ ਅੱਲਾਹ ਤੋਂ ਛੁੱਟ ਅੱਸਮਾਨਾਂ ਅਤੇ ਧਰਤੀ ਵਿੱਚ ਕਿਸੇ ਨੂੰ ਗ਼ੈਬ ਦਾ ਗਿਆਨ ਨਹੀਂ ਹੈ ।(ਗੈਬ ਆਖਦੇ ਹਨ ਐਸਾ ਕੋਈ ਮਾਮਲਾ ਜਿਹੜਾ ਆਉਣ ਵਾਲੇ ਕੱਲ੍ਹ ਵਿੱਚ ਹੋਣਾ ਹੈ ਜਾਂ ਫੇਰ ਅਜਿਹੀ ਕੋਈ ਚੀਜ਼ ਕਿ ਅੱਖਾਂ ਤੋਂ ਪਰੇ ਹੋਵੇ) ਉਨ੍ਹਾਂ ਨੂੰ ਤਾਂ ਇਹ ਵੀ ਗਿਆਨ ਨਹੀਂ ਹੈ ਕਿ (ਮਰਨ ਤੋਂ ਮਗਰੋਂ) ਕਦੋਂ ਉਠਾ ਖੜ੍ਹੇ ਕੀਤੇ ਜੈਣਗੇ?(65)" (ਸੂਰਤ ਨਮਲ, ਆਇਤ 60ਤੋਂ65)

ਕੁਰਆਨ ਦੀ ਸੂਰਤ ਨਮਲ ਦੀਆਂ ਇਹ ਪੰਜ ਆਇਤਾਂ ਹਨ ।ਜਿਸ ਵਿੱਚ ਅੱਲਾਹ ਤਆਲਾ ਆਪਣੀ ਗਾਰੀਗਰੀ,ਉਸ ਦੀਆਂ ਆਪਣੀਆਂ ਵਿਸ਼ੇਸ਼ਤਾਵਾਂ, ਆਪਣੀਆਂ ਨਿਸ਼ਾਨੀਆਂ ਲੋਕਾਂ ਦੇ ਸਾਹਮਣੇ ਖੋਲ੍ਹ-ਖੋਲ੍ਹ ਕੇ ਦੱਸ ਰਿਹਾ ਹੈ ਅਤੇ ਚੈਲੇਂਜ ਵੀ ਕਰ ਰਿਹਾ ਹੈ ਕਿ ਕੋਣ ਅਜਿਹਾ ਕਰ ਸਕਦਾ ਹੈ ਜਿਹੜਾ ਕਿ ਮੈਂ ਕਰ ਰਿਹਾ ਹਾਂ ਜਦ ਕੋਈ ਇਨ੍ਹਾਂ ਸਾਰੇ ਕੰਮਾਂ ਨੂੰ ਨਹੀਂ ਕਰ ਸਕਦਾ ਅਤੇ ਨਾ ਹੀ ਕਿਸੇ ਵਿੱਚ ਇੰਨੀ ਹਿੰਮਤ ਹੀ ਹੈ ਕਿ ਇਸ ਵਰਗਾ ਬਹੁਤਾ ਜਾਂ ਥੋੜ੍ਹਾ ਹੀ ਕੁੱਝ ਕਰ ਦਿਖਾਉਣ ਤਾਂ ਫੇਰ ਅਜੇ ਵੀ ਇਹ ਕਿਹਾ ਜਾਵੇ ਕਿ ਇੱਕ ਅੱਲਾਹ ਤੋਂ ਛੁੱਟ ਕੋਈ ਹੋਰ ਰੱਬ ਵੀ ਹੈ? ਕੋਈ ਹੋਰ ਪੂਜਨਹਾਰ ਹੈ? ਜਾਂ ਕੋਈ ਹੋਰ ਅਜਿਹਾ ਹੈ ਜਿਸ ਦੇ ਸਾਹਮਣੇ ਮੱਥਾ ਟੇਕਿਆ ਜਾਵੇ?ਅਸਾ ਨੂੰ ਇਨ੍ਹਾਂ ਆਇਤਾਂ ਨੂੰ ਸੱਚੇ ਦਿਲੋਂ

ਸਮਝਣ ਦੀ ਅਤੇ ਨਸੀਹਤ ਹਾਸਿਲ ਕਰਨ ਦੀ ਲੋੜ ਹੈ ਤਾਂ ਜੋ ਅਸੀਂ ਭਟਕੀ ਹੋਈ ਰਾਹ ਨੂੰ ਛੱਡ ਕੇ ਸਿੱਧੀ ਰਾਹ ਤੇ ਆ ਸਕੀਏ ।ਸਾਡੀ ਜਿੰਦਗੀ ਸਹੀ ਤੇ ਦਰੁਸਤ ਹੋ ਜਾਵੇ ।ਇਹੋ ਹੀ ਹੈ ਸਾਡੀ ਜ਼ਿੰਦਗੀ ਜਿਉਣ ਦਾ ਇੱਕੋ-ਇੱਕੋ ਸਿੱਧਾ ਰਾਹ ।ਹੁਣ ਅਸੀਂ ਥੋੜ੍ਹਾ-ਥੋੜ੍ਹਾ ਇਨ੍ਹਾਂ ਆਇਤਾਂ ਨੂੰ ਸਮਝਦੇ ਹਾਂ । ਆਇਤ ਨੰਬਰ 60ਵਿੱਚ ਅੱਲਾਹ ਤਆਲਾ ਆਖਦਾ ਹੈ ਕਿ ਕਿਸ ਨੇ ਧਰਤੀ ਅਤੇ ਆਕਾਸ਼ ਨੂੰ ਬਣਾਇਆ ਅਤੇ ਆਕਾਸ਼ਾ ਵਿੱਚੋਂ ਮੀਂਹ ਬਰਸਾਇਆ ।ਉਸ ਪਾਣੀ ਤੋਂ ਹਰੇ-ਭਰੇ ਰੌਣਕ ਵਾਲੇ ਬਾਗਾਂ,ਫਲਾਂ,ਸਬਜ਼ੀਆਂ ਅਤੇ ਰੰਗ ਬਰੰਗੇ ਖੁਸ਼ਬੂਦਾਰ ਫੁੱਲਾਂ ਅਤੇ ਮੇਵਿਆਂ ਨੂੰ ਪੈਦਾ ਕੀਤਾ ਹੈ ।ਕੀ ਜਿਨ੍ਹਾਂ ਸਾਰਿਆਂ ਨੂੰ ਤੁਸੀਂ ਇੱਕ ਅੱਲਾਹ ਨੂੰ ਛੱਡ ਕੇ ਬੁਲਾਉਂਦੇ ਹੋ,ਉਨ੍ਹਾਂ ਵਿੱਚ ਹਿੰਮਤ ਹੈ ਕਿ ਇੱਕ ਰੁੱਖ ਹੀ ਪੈਦਾ ਕਰ ਸਕਣ? ਕੀ ਤੁਸੀਂ ਅਜੇ ਵੀ ਕਰੋਗੇ ਕਿ ਅੱਲਾਹ ਦਾ ਕੋਈ ਹੋਰ ਵੀ ਸਾਂਝੀਦਾਰ ਵੀ ਹੈ ।ਇਸੇ ਤਰ੍ਹਾਂ ਰੱਬ ਸੱਚਾ ਸੂਰਤ ਰਅਦ ਦੀ ਆਇਤ ਨੰਬਰ 4 ਵਿੱਚ ਦੱਸਦਾ ਹੈ ਕਿ :

"ਅਤੇ ਧਰਤੀ ਵਿੱਚ ਵੱਖੋ-ਵੱਖਰੇ ਟੁਕੜੇ ਇੱਕ ਦੂਜੇ ਨਾਲ ਲੱਗਦੇ ਲਗਾਉਂਦੇ ਹਨ ਅਤੇ ਅੰਗੂਰ ਦੇ ਬਾਗ ਹਨ ਅਤੇ ਪੱਤੇ ਹਨ ਅਤੇ ਖਜੂਰ ਦੇ ਰੁੱਖ ਹਨ ਟਹਿਣੀਆਂ ਵਾਲੇ ਅਤੇ ਕੁੱਝ ਬਿਨਾ ਟਹਿਣੀਆਂ ਤੋਂ ਹਨ ਸਭਨਾਂ ਨੂੰ ਇੱਕ ਹੀ ਪਾਣੀ ਦਿੱਤਾ ਜਾਂਦਾ ਹੈ ਪਰ ਫੇਰ ਵੀ ਸੁਆਦ ਵਿੱਚ ਅਸੀਂ ਕਿਸੇ ਨੂੰ ਬਹੁਤ ਚੰਗਾ ਬਣਾ ਦਿੰਦੇ ਹਾਂ ਤੇ ਕਿਸੇ ਨੂੰ ਉਸ ਤੋਂ ਘੱਟ ਇਨ੍ਹਾਂ ਚੀਜ਼ਾਂ ਵਿੱਚ ਬਹੁਤ ਸਾਰੀਆਂ ਨਿਸ਼ਾਨੀਆਂ ਉਨ੍ਹਾਂ ਲੋਕਾਂ ਲਈ ਜਿਹੜੇ ਅਕਲ ਤੋਂ ਕੰਮ ਲੈਂਦੇ ਹਨ(4)" (ਸੂਰਤ ਰਅਦ,ਆਇਤ4)

ਦਸੋ ਭਲਾਂ ਇੱਕ ਹੀ ਧਰਤੀ ਹੈ ਜਿਸ ਦੇ ਵੱਖੋ-ਵੱਖਰੇ ਟੁਕੜੇ ਨਾਲ-ਨਾਲ ਲੱਗਦੇ ਹਨ ।ਕੋਈ ਉਪਜਾਉ ਅਤੇ ਕੋਈ ਬੰਜਰ ਅਤੇ ਅੰਗੂਰਾਂ ਦੇ ਬਾਗ, ਖਜੂਰਾਂ ਦੇ ਰੁੱਖ,ਸੰਤਰੇ ਅਤੇ ਸੇਬਾਂ ਦੇ ਰੁੱਖ ਅਤੇ ਮਿਰਚਾਂ ਦੀ ਫਸਲ ਇਨ੍ਹਾਂ ਸਾਰਿਆਂ ਨੂੰ ਇੱਕੋ ਪਾਣੀ ਦਿੱਤਾ ਜਾਂਦਾ ਹੈ ਪਰ ਸਾਰਿਆਂ ਦਾ ਸੁਆਦ ਵੱਖੋ-ਵੱਖਰਾ ।ਕਿਸੇ ਦਾ ਸੁਆਦ ਮਿੱਠਾ ਅਤੇ ਕਿਸੇ ਦਾ ਖੱਟਾ

ਅਤੇ ਮਿਰਚਾਂ ਦਾ ਸੁਆਦ ਤਿੱਖਾ ’ਤੇ ਕੌੜਾ ।ਇਹ ਵੱਖੋ-ਵੱਖਰੀਆਂ ਤਬਦੀਲੀਆਂ ਕਰਨ ਵਾਲਾ ਕੌਣ ਹੈ? ਉਹੀ ਇੱਕੋ-ਇੱਕ ਅੱਲਾਹ ਹੈ ਅਤੇ ਉਸ ਇਕੱਲੇ ਤੋਂ ਛੁੱਟ ਕੋਈ ਦੂਜਾ ਇਹ ਸਭ ਕੁਝ ਕਰ ਨਹੀਂ ਸਕਦਾ ।ਕੀ ਅਸੀਂ ਅਜੇ ਵੀ ਉਸ ਅੱਲਾਹ ਦੇ ਸਾਂਝੀਦਾਰ ਬਣਾਵਾਂਗੇ? ਕੀ ਅੱਲਾਹ ਤੋਂ ਛੁੱਟ ਕਿਸੇ ਹੋਰ ਨੂੰ ਆਪਣਾ ਰੱਬ ਮੰਨਾਗੇ? ਕੀ ਇੱਕ ਅੱਲਾਹ ਤੋਂ ਛੁੱਟ ਕੋਈ ਹੋਰ ਇਹ ਸਭ ਕੁਝ ਕਰ ਸਕਦਾ ਹੈ? ਆਇਤ ਨਬਰ 61 ਵਿੱਚ ਸੱਚਾ ਰੱਬ ਆਪਣੇ ਪਿਆਰੇ ਬੰਦਿਆਂ ਨੂੰ ਸਮਝਾ ਰਿਹਾ ਹੈ ਕਿ ਜ਼ਰਾ ਧਰਤੀ ਵੱਲ ਤਾਂ ਵੇਖੋ ਕਿ ਕਿਵੇਂ ਪੈਦਾ ਕੀਤੀ ਹੋਈ ਹੈ ।ਭਾਵ ਠਹਿਰਣ ਦੇ ਯੋਗ ਹੈ ਨਾ ਹੀ ਉੱਚੀ ਅਤੇ ਨਾ ਹੀ ਨੀਵੀਂ ਸਗੋਂ ਪੱਧਰ ਅਤੇ ਪਲੇਨ ਨਾ ਹੀ ਹਿੱਲਦੀ ਹੈ ਅਤੇ ਨਾ ਹੀ ਝੋਲ ਮਾਰਦੀ ਹੈ ।ਜੇਕਰ ਇਹ ਸਭ ਕੁਝ ਹੁੰਦਾ ਤਾਂ ਧਰਤੀ ਉੱਤੇ ਵਸਣਾਂ ਅਤੇ ਰਹਿਣਾ ਸੰਭਵ ਨਾ ਹੁੰਦਾ ਅਤੇ ਧਰਤੀ ਉੱਤੇ ਵੱਡੇ-ਵੱਡੇ ਪਹਾੜ ਗੱਡ ਦਿੱਤੇ ਗਏ ਤਾਂ ਜੋ ਧਰਤੀ ਨਾ ਹਿੱਲੇ ਅਤੇ ਨਾ ਹੀ ਝੋਲ ਮਾਰੇ ।ਭਾਵ ਧਰਤੀ ਨੂੰ ਮਨੁੱਖਾਂ ਦੇ ਵਸਣ ਯੋਗ ਬਣਾਇਆ ਅਤੇ ਫੇਰ ਮਨੁੱਖਾਂ ਦੀ ਲੋੜ ਅਤੇ ਜਿੰਦਗੀ ਬਿਤਾਉਣ ਲਈ ਧਰਤੀ ਦੇ ਅੰਦਰ ਨਦੀਆਂ ਨਹਿਰਾਂ ਅਤੇ ਸਮੰਦਰ ਬਣਾਏ ਤਾਂ ਜੋ ਮਨੁੱਖ ਇਨ੍ਹਾਂ ਤੋਂ ਆਪਣੀਆਂ ਲੋੜਾ ਪੂਰੀਆਂ ਕਰੇ ।ਰੱਬ ਸੱਚੇ ਨੇ ਸਮੁੰਦਰ ਬਣਾਏ ਅਤੇ ਸਮੁੰਦਰਾਂ ਦੇ ਵਿੱਚਕਾਰ ਦੋ ਪਾਣੀ ਵਗਾਏ, ਇਹ ਦੋਂਵੇ ਪਾਣੀ ਸਮੁੰਦਰ ਵਿੱਚ ਨਾਲ-ਨਾਲ ਚਲ ਦੇ ਹਨ ਇੱਕ ਦਾ ਸੁਆਦ ਮਿੱਠਾ ਅਤੇ ਦੂਜੇ ਦਾ ਸੁਆਦ ਨਮਕੀਨ, ਇਹ ਦੋਵੇਂ ਪਾਣੀ ਨਾਲ-ਨਾਲ ਚਲਣ ਦੇ ਬਾਵਜੂਦ ਇੱਕ ਦੂਜੇ ਦੇ ਵਿੱਚ ਮਿਲਦੇ ਵੀ ਨਹੀਂ ਕਦੀ ਇੰਜ ਵੀ ਨਹੀਂ ਹੁੰਦਾ ਕਿ ਦੋਵੇਂ ਪਾਣੀ ਆਪਸ ਵਿੱਚ ਮਿਲ ਗਏ ਹੋਣ ਅਤੇ ਦੋਵਾਂ ਦਾ ਸੁਆਦ ਆਪਸ ਵਿੱਚ ਮਿਲਣ ਦੇ ਕਾਰਨ ਕੁਝ ਹੋਰ ਹੀ ਹੋ ਗਿਆ ਹੋਵੇ । ਇਹ ਸਭ ਕੁਝ ਦੱਸਣ ਦੇ ਮਗਰੋਂ ਰੱਬ ਸੱਚਾ ਆਖਦਾ ਹੈ ਕਿ ਉਸ ਦੀ ਕਾਰੀਗਰੀ ਅਤਕੁਦਰਤ ਵੱਲ ਵੇਖਦਿਆ ਧਿਆਨ ਦਿਓ,ਕਿ ਕੋਈ ਹੋਰ ਹੈ, ਜਿਹੜਾ ਇਹ ਸਭ ਕੁਝ ਕਰ ਸਕੇ?ਜਦੋਂ ਕੋਈ ਦੂਜਾ ਨਹੀਂ ਹੈ ਤਾਂ ਫੇਰ ਉਸ ਅੱਲਾਹ ਦੇ ਸਾਂਝੀਦਾਰ(ਸ਼ਰਾਕ)ਕਿਉਂ ਬਣਾਉਂਦੇ ਹੋ? ਆਖਦੇ ਹੋ ਕਿ ਹਰ ਇੱਕ ਨੂੰ ਰੱਬ

ਹੋਣ ਦਾ ਹੱਕ ਹੈ ਅਤੇ ਸਭ ਬਰਾਬਰ ਹਨ ਜਿਸ ਨੂੰ ਮਰਜ਼ੀ ਚਾਹੋ ਪੂਜਦੇ ਰਹੋ ।ਰੱਬ ਸੱਚਾ ਆਇਤ ਨਬਰ 62 ਵਿੱਚ ਲੋਕਾਂ ਨੂੰ ਦੱਸਦਾ ਹੈ ਕਿ ਜਦੋਂ ਮਨੁੱਖ ਕਿਸੇ ਬਿਮਾਰੀ ਜਾਂ ਮੁਸ਼ਕਿਲ ਵਿੱਚ ਫਸਿਆ ਹੁੰਦਾ ਹੈ,ਨਾ ਤਾਂ ਬਿਮਾਰੀ ਦੂਰ ਹੂੰਦੀ ਹੈ ਅਤੇ ਨਾ ਹੀ ਮੁਸ਼ਕਿਲ ਟਲਦੀ ਹੈ ਤਾਂ ਉਹ ਸਭ ਪਾਸਿਉਂ ਬੇ-ਵੱਸ ਹੋ ਕੇ ਇੱਕ ਸੱਚੇ ਰੱਬ ਵੱਲ ਮੁੜਦਾ ਹੈ ਉਸ ਨੂੰ ਪੁਕਾਰਦਾ ਹੈ ਤਾਂ ਉਹੋ ਹੀ ਹੈ ਸੱਚਾ ਰੱਬ ਜਿਹੜਾ ਕਿ ਉਸ ਕੁਰਲਾਉਣ ਵਾਲੇ ਵਿਅਕਤੀ ਦਾ ਦੁੱਖ ਦੂਰ ਕਰਦਾ ਹੈ ।ਤਾਂ ਉਹ ਮਨੁੱਖ ਸਭ ਪਾਸਿਉਂ ਬ-ਵੱਸ ਅਤੇ ਲਾਚਾਰ ਹੁੰਦਾ ਹੈ ਜਦੋਂ ਕਿ ਦੁੱਖ ਦੂਰ ਕਰਨ ਮਗਰੋਂ ਤਹਾਨੂੰ ਧਰਤੀ ਦਾ ਅਧਿਕਾਰੀ ਬਣਉਂਦਾ ਹੈ ।ਐ ਲੋਕੋ ! ਕੀ ਤੁਸੀਂ ਅਜੇ ਵੀ ਕਹੋਗੇ ਕਿ ਇੱਕ ਅੱਲਾਹ ਤੋਂ ਛੁੱਟ ਕੋਈ ਹੋਰ ਵੀ ਬੰਦਗੀ ਜਾਂ ਭਗਤੀ ਦੇ ਯੋਗ ਹੈ । ਤਾਂ ਤੁਸੀਂ ਬਹੁਤ ਹੀ ਘੱਟ ਨਸੀਹਤ ਅਤੇ ਸਬਕ ਹਾਸਿਲ ਕਰਦੇ ਹੋ । ਆਇਤ ਨੰਬਰ 63 ਵਿੱਚ ਰੱਬ ਸੱਚਾ ਲੋਕਾਂ ਨੂੰ ਆਪਣੀਆਂ ਨਿਸ਼ਾਨੀਆਂ ਦਿਖਾਉਂਦਾ ਹੈ ਕਿ ਧਰਤੀ ’ਤੇ ਜਦੋਂ ਹਨੇਰਾ ਹੁੰਦਾ ਹੈ ਤਾਂ ਅਸਮਾਨਾਂ ਵਿੱਚ ਚਮਕਦੇ ਰੋਸ਼ਨ ਤਾਰਿਆਂ ਰਾਹੀਂ ਕੌਣ ਰਸਤਾ ਵਿਖਾਉਂਦਾ ਹੈ? ਮਨੁੱਖ ਰੋਸ਼ਨ ਤਾਰਿਆਂ ਨੂੰ ਵੇਖਦਾ ਹੋਇਆ ਅੰਦਾਜ਼ਾ ਲਾਉਂਦਾ ਹੈ ਅਤੇ ਆਪਣਾ ਸਫ਼ਰ ਤੈਅ ਕਰਦਾ ਹੈ।ਸਮੁੰਦਰ ਦੇ ਹਨੇਰੇ ਤੋਂ ਭਾਵ ਸਮੁੰਦਰ ਦੇ ਘੁੱਪ ਹਨੇਰੇ ਅਤੇ ਖੁਸ਼ਕੀ ਦੇ ਹਨੇਰੇ ਤੋਂ ਭਾਵ ਪਹਾੜਾਂ ਦੇ ਘੁੱਪ ਹਨੇਰੇ ਤੋਂ ਹੈ ।ਅੱਗੇ ਰੱਬ ਸੱਚਾ ਆਪਣੀ ਕੁਦਰਤ ਅਤੇ ਕਾਰੀਗਰੀ ਦੀ ਹੋਰ ਨਿਸ਼ਾਨੀ ਲੋਕਾਂ ਨੂੰ ਸਮਝਾਉਂਦਿਆਂ ਕਹਿੰਦਾ ਹੈ ਕਿ ਜੋ ਮੀਂਹ ਪੈਂਦਾ ਹੈ ਉਸ ਤੋਂ ਪਹਿਲਾਂ ਠੰਢੀਆਂ ਹਵਾਵਾਂ ਚੱਲਣੀਆਂ ਸ਼ੁਰੂ ਹੁੰਦਿਆਂ ਹਨ ਇਨ੍ਹਾਂ ਹਵਾਵਾਂ ਰਾਹੀਂ ਗਰਮੀਂ ਦੇ ਸਤਾਏ ਲੋਕਾਂ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਜਾਂਦੀ ਹੈ । ਇਨ੍ਹਾਂ ਹਵਾਵਾਂ ਨੂੰ ਇੱਕ ਸੱਚੇ ਰੱਬ ਤੋਂ ਛੁੱਟ ਕੋਈ ਹੋਰ ਨਹੀਂ ਚਲਾ ਸਕਦਾ ।ਕੀ ਅਜੇ ਵੀ ਆਖੋਗੇ ਕਿ ਰੱਬ ਦਾ ਕੋਈ ਹੋਰ ਸ਼ਰੀਕ ਵੀ ਹੈ? ਕੀ ਅੱਲਾਹ ਤੋਂ ਛੁੱਟ ਕੋਈ ਹੋਰ ਵੀ ਹੈ ਜਿਹੜਾ ਕਿ ਰੱਬ ਹੋਣ ਦਾ ਹੱਕ ਰਖਦਾ ਹੋਵੇ ਅਤੇ ਰੱਬ ਆਖਦਾ ਹੈ ਕਿ ਜਿਨ੍ਹਾਂ ਨੂੰ ਵੀ ਇਹ ਅੱਲਾਹ ਦਾ ਸਾਂਝੀਦਾਰ ਬਣਾਉਂਦੇ ਹਨ ਉਨ੍ਹਾਂ ਸਾਰਿਆਂ ਤੋਂ ਅੱਲਾਹ ਉੱਚਾ ਅਤੇ ਵਧੇਰਾ ਉੱਚਾ ਹੈ ।

ਆਇਤ ਨੰਬਰ 64 ਵਿੱਚ ਸਪਸ਼ਟ ਕੀਤਾ ਹੈ ਕਿ ਉਹ ਅੱਲਾਹ ਜਿਸ ਨੇ ਸਾਰੀ ਸਰਿਸ਼ਟੀ ਨੂੰ ਅਤੇ ਇਸ ਵਿੱਚ ਵੱਸਣ ਵਾਲੇ ਮਨੁੱਖਾਂ,ਪੰਛੀਆਂ ਅਤੇ ਜਾਨਵਰਾਂ ਨੂੰ ਪਹਿਲੀ ਵਾਰ ਪੈਦਾ ਕੀਤਾ ਸੀ ਅਤੇ ਮਰਨ ਤੋਂ ਬਾਅਦ ਮੁੜ ਪੈਦਾ ਕਰੇਗਾ ।ਉਹ ਅੱਲਾਹ ਜਿਸ ਨੇ ਆਸਮਾਨਾਂ ਵਿੱਚੋਂ ਮੀਂਹ ਵਰਸਾਇਆ ਅਤੇ ਧਰਤੀ ਵਿੱਚ ਲੁਕੇ ਹੋਵੇ ਖ਼ਜ਼ਾਨੇ ਬਾਹਰ ਕੱਡੇ ਭਾਵ ਖਾਣ ਦੀਆਂ ਚੀਜ਼ਾਂ ਅਨਾਜ, ਸਬਜ਼ੀਆਂ ਅਤੇ ਮਜੇਦਾਰ ਫਲ ਆਦਿ ।ਰੱਬ ਸੱਚੇ ਨੇ ਆਖਿਆ ਕਿ ਕੀ ਕੋਈ ਹੋਰ ਵੀ ਹੈ ਮੇਰਾ ਸਾਂਝੀਦਾਰ ਜਿਹੜਾ ਕਿ ਰੱਬ ਹੋਣ ਦਾ ਹੱਕ ਰਖਦਾ ਹੋਵੇ? ਉਹ ਅੱਲਾਹ ਆਪਣੇ ਸੱਚੇ ਹੋਣ ਸਬੰਧੀ ਦਲੀਲਾਂ 'ਤੇ ਦਲੀਲਾਂ ਦੇ ਰਿਹਾ ਹੈ । ਆਖਰੀ ਆਇਤ 65 ਵਿੱਚ ਰੱਬ ਆਖਦਾ ਹੈ ਕਿ ਕੋਈ ਵੀ ਆਉਣ ਵਾਲੇ ਕੱਲ੍ਹ ਬਾਰੇ ਨਹੀਂ ਜਾਣਦਾ, ਕਿ ਕੱਲ ਨੂੰ ਕੀ ਹੋਵੇਗਾ ਜਾਂ ਅੱਖੋਂ ਪਰੇ ਹੋਣ ਵਾਲੀਆਂ ਤਬਦੀਲੀਆਂ ਨੂੰ ਕੋਈ ਨਹੀਂ ਜਾਣਦਾ ।ਇਨ੍ਹਾਂ ਸਾਰੀਆਂ ਤਬਦੀਲੀਆਂ ਨੂੰ ਕੇਵਲ ਅੱਲਾਹ ਹੀ ਜਾਣਦਾ ਹੈ ।ਇਹ ਵਿਸ਼ੇਸ਼ਤਾ ਕੇਵਲ ਉਸ ਅੱਲਾਹ ਦੀ ਹੈ ਕਿਸੇ ਹੋਰ ਦੀ ਨਹੀਂ ।ਜੇਕਰ ਕੋਈ ਆਖਦਾ ਹੈ ਕਿ ਉਸ ਨੂੰ ਕਲ੍ਹ ਬਾਰੇ ਗਿਆਨ ਹੈ ਤਾਂ ਉਹ ਝੂਠਾ ਅਤੇ ਪਾਪੀ ਹੈ ।

## ਸੱਚੇ ਰੱਬ ਦੀਆਂ ਕੁਝ ਹੋਰ ਵਿਸ਼ੇਸ਼ਤਾਵਾਂ

ਰੱਬ ਸੱਚੇ ਦੀਆਂ ਹੋਰ ਵਿਸ਼ੇਸ਼ਤਾਵਾਂ ਉਹ ਵਿਸ਼ੇਸ਼ਤਾਵਾਂ ਹਨ ਜਿਹੜੀਆਂ ਕਿਸੇ ਹੋਰ ਵਿੱਚ ਨਹੀਂ ਪਾਈਆਂ ਜਾਂਦੀਆਂ ਭਾਵੇਂ ਕਿ ਉਹ ਕੋਈ ਵੀ ਹੋਵੇ ।ਕੁਰਆਨ ਸਾਨੂ ਦੱਸਦਾ ਹੈ ਕਿ ਰੱਬ ਹੋਣ ਦਾ ਹੱਕ ਕਿਸ ਨੂੰ ਹੈ? ਜਾਂ ਕਿਸ ਨੂੰ ਰੱਬ ਹੋਣ ਦਾ ਹੱਕ ਦਿੱਤਾ ਜਾਵੇ ?ਉਸ ਦੀਆਂ ਅਜਿਹੀਆਂ ਕਿਹੜੀਆਂ ਵਿਸ਼ੇਸ਼ਤਾਵਾ ਹੁੰਦੀਆਂ ਹਨ ।ਕੀ ਰੱਬ ਵੀ ਆਮ ਵਿਅਕਤੀਆਂ ਵਰਗਾ ਹੁੰਦਾ ਹੈ? ਨਹੀਂ ਕਦੀ ਵੀ ਨਹੀਂ, ਸਗੋਂ ਰੱਬ ਤਾ ਆਮ ਆਦਮੀਆਂ ਤੋਂ ਹੱਟ ਕੇ ਹੁੰਦਾ

ਹੈ ।ਉਸ ਦੀ ਵਿਸ਼ੇਸ਼ਤਾਵਾਂ ਵੀ ਆਮ ਆਦਮੀਆਂ ਤੇਂ ਹੱਟ ਕੇ ਹੁੰਦੀਆਂ ਹਨ । ਕੁਰਆਨ ਦੀ ਜ਼ੁਬਾਨ ਤੋਂ ਰੱਬ ਦੀਆਂ ਖ਼ੂਬੀਆਂ ਸੁਣੋ :

"ਅੱਲਾਹ ਹੀ ਸੱਚਾ ਈਸ਼ਟ ਹੈ, ਉਸ ਤੋਂ ਛੁੱਟ ਕੋਈ ਹੋਰ ਈਸ਼ਟ ਨਹੀਂ ਹੈ ਜਿਹੜਾ ਕਿ ਜਿਉਂਦੀ ਜਾਗਦੀ ਹਸਤੀ ਹੈ ਜਿਸ ਨੇ ਸਮੁੱਚੀ ਸਰਿਸ਼ਟੀ ਨੂੰ ਸੰਭਾਲਿਆ ਹੋਇਆ ਹੈ ਉਸ ਨੂੰ ਨਾ ਉਂਘ ਆਉਂਦੀ ਹੈ ਅਤੇ ਨਾ ਨੀਂਦ, ਧਰਤੀ ਅਤੇ ਆਕਾਸ਼ਾਂ ਵਿੱਚ ਜੋ ਕੁਝ ਹੈ ਉਸ ਦਾ ਹੈ ।ਕੌਂਣ ਹੈ ਜਿਹੜਾ ਉਸ ਦੇ ਦਰਬਾਰ ਵਿੱਚ ਉਸ ਦੀ ਆਗਿਆ ਤੋਂ ਬਿਨਾ ਸ਼ਿਫ਼ਾਰਿਸ਼ ਕਰ ਸਕੇ ਜੋ ਕੁਝ ਲੋਕਾਂ ਦੇ ਸਾਹਮਣੇ ਹੈ ਉਸ ਨੂੰ ਜਾਣਦਾ ਹੈ ਅਤੇ ਜੋ ਕੁਝ ਉਨ੍ਹਾਂ ਤੋਂ ਓਹਲੇ ਹੈ ਉਸ ਨੂੰ ਵੀ ਉਹ ਜਾਣ ਦਾ ਹੈ ਅਤੇ ਉਹ (ਲੋਕ)ਉਸ ਦੇ ਗਿਆਨ ਦਾ ਘੇਰਾ ਨਹੀਂ ਕਰ ਸਕਦੇ ਪਰ ਜਿਨ੍ਹਾਂ ਨੂੰ ਉਹ (ਅੱਲਾਹ)ਚਾਹੇ ।ਉਸ ਦੀ ਕੁਰਸੀ ਦੇ ਫੈਲਾਵੇ ਨੇ ਧਰਤੀ ਅਤੇ ਅਸਮਾਨਾਂ ਨੂੰ ਘੇਰ ਰੱਖਿਆ ਹੈ ਅਤੇ ਉਨ੍ਹਾਂ ਦੀ ਨਿਗਰਾਨੀ ਉਸ (ਅੰਲਾਹ)ਦੇ ਲਈ ਕੋਈ ਬਕਾ ਦੇਣ ਵਾਲਾ ਕੰਮ ਨਹੀਂ ਹੈ ।ਕੇਵਲ ਉਹ ਹੀ ਇੱਕ ਮਹਾਨ ਅਤੇ ਸਭ ਤੋਂ ਉੱਚੀ ਹਸਤੀ ਹੈ ।"(ਸੂਰਤ ਬਕਰਹ,255)

ਕੁਰਆਨ ਦਿਆਂ ਇਹ ਆਇਤਾਂ ਅਸਾਂ ਨੂੰ ਦੱਸਦੀਆਂ ਹਨ ਕਿ ਰੱਬ ਕੌਂਣ ਹੈ ।ਰੱਬ ਹੋਣ ਦਾ ਹੱਕ ਕਿਸ ਨੂੰ ਅਤੇ ਰੱਬ ਦੀਆਂ ਖ਼ੂਬੀਆਂ ਕੀ ਹੁੰਦੀਆਂ ਹਨ ।ਸਭ ਤੋਂ ਪਹਿਲੀ ਅਤੇ ਵੱਡੀ ਖ਼ੂਬੀ ਰੱਬ ਇੱਕ ਹੈ ਉਸ ਜਿਹਾ ਕੋਈ ਦੂਜਾ ਨਹੀਂ ਹੈ ।ਜੇ ਇੱਕ ਤੋਂ ਵੱਧ ਰੱਬ ਹੁੰਦੇ ਤਾਂ ਫੇਰ ਆਪਸ ਵਿੱਚ ਉਨ੍ਹਾਂ ਦਾ ਟਕਰਾਓ ਹੁੰਦਾ ।ਕਿਉਂਕਿ ਜਿੱਥੇ ਆਪਸ ਵਿੱਚ ਬਰਾਬਰ ਦੇ ਦੋ ਵਿਅਖਤੀ ਹੁੰਦੇ ਹਨ ਉੱਥੇ ਟਕਰਾਓ ਹੁੰਦਾ ਹੀ ਹੈ। ਕੋਈ ਵਿਅਕਤੀ ਆਪਣੇ ਆਪ ਨੂੰ ਦੂਸਰੇ ਵਿਅਕਤੀ ਤੋਂ ਮਾੜਾ ਅਤੇ ਕਮਜ਼ੋਰ ਨਹੀਂ ਮੰਨਦਾ ।ਸਗੋਂ ਹਰ ਵਿਅਕਤੀ ਕਹਿੰਦਾ ਹੈ ਕਿ ਜੋ ਕੁਝ ਵੀ ਹਾਂ ਬੱਸ ਮੈਂ ਹੀ ਹਾਂ ।ਕੀ ਅਸੀਂ ਕਦੀ ਵੇਖਿਆ ਹੈ ਕਿ ਕਿਸੇ ਸਕੂਲ ਦੇ ਦੋ ਪ੍ਰਿੰਸੀਪਲ ਹੋਣ ?ਜਾਂ ਫੇਰ ਕਦੀ ਕਿਸੇ ਸੰਸਥਾ ਜਾਂ ਕਮੇਟੀ ਦੇ ਦੋ ਪ੍ਰਧਾਨ ਹੋਣ?ਇਸ ਲਈ

ਇਸ ਪੂਰੀ ਸਰਿਸ਼ਟੀ ਦਾ ਇੱਕ ਹੀ ਰੱਬ ਹੈ ਅਤੇ ਉਸ ਰੱਬ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਉਹ ਇਕੱਲਾ ਹੈ, ਸਭ ਦਾ ਬਾਦਸ਼ਾਹ ਹੈ, ਉਸ ਇਕੱਲੇ ਰੱਬ ਦੀ ਖ਼ੂਬੀ ਹੈ ਕਿ ਉਹ ਸਦਾ ਤੋਂ ਜਿਉਂਦਾ ਹੈ ਉਸ ਨੂੰ ਕਦੀ ਮੌਤ ਨਹੀਂ ਆਉਂਦੀ ।ਕੁਰਆਨ ਦੱਸਦਾ ਹੈ :

"ਧਰਤੀ ਉੱਤੇ ਜੋ ਕੁਝ ਹੈ ਸਭ ਨਾਸ ਹੋਣ ਵਾਲਾ ਹੈ(26) ਕੇਵਲ ਤੇਰੇ ਰੱਬ ਦੀ ਸਭ ਤੋਂ ਉੱਚੀ ਹਸਤੀ ਬਾਕੀ ਰਹਿਣ ਵਾਲੀ ਹੈ (27)" (ਸੂਰਤ ਅਰ ਰਹਿਮਾਨ,26-27)

ਉਹ ਸੱਚਾ ਰੱਬ ਜਿਉਂਦਾ ਵੀ ਹੈ ਅਤੇ ਕਾਇਮ ਦਾਇਮ ਵੀ ਰਹਿੰਦਾ ਹੈ ਉਸ ਨੂੰ ਨਾਹੀਂ ਕਦੀ ਸੁਸਤੀ ਆਉਂਦੀ ਹੈ ਅਤੇ ਨਾ ਹੀ ਉਹ ਕਿਸੇ ਕੰਮ ਤੋਂ ਉਕਤਾਉਂਦਾ ਹੈ ।ਉਸ ਰੱਬ ਨੂੰ ਥਕਾਵਟ ਵੱਜੋਂ ਨਾਂ ਉਂਘ ਆਉਂਦੀ ਹੈ ਅਤੇ ਨਾ ਹੀ ਨੀਂਦ ।ਭੁੱਖ, ਪਿਆਸ ਲੱਗਣਾ, ਨੀਂਦ ਆਉਣੀ ਇਹ ਮਨੁੱਖਾਂ ਦੀਆਂ ਕਮਜ਼ੋਰੀਆਂ ਹਨ । ਉਹ ਰੱਬ ਇਨ੍ਹਾਂ ਸਾਰਿਆਂ ਕਮਜ਼ੋਰਿਆਂ ਤੋਂ ਉੱਪਰ ਹੈ ।ਉਹ ਤਾਂ ਹਮੇਸ਼ਾ ਕਾਇਮ ਦਾਇਮ ਰਹਿਣ ਵਾਲੀ ਹਸਤੀ ਹੈ । ਉਹ ਸਭ ਜਾਣਕਾਰੀ ਰੱਖਣ ਵਾਲਾ ਹੈ ।ਉਸ ਵਰਗਾ ਕੋਈ ਜਾਣਕਾਰ ਨਹੀਂ ਹੈ ।ਉਹ ਤਾਂ ਦਿਲਾਂ ਦੇ ਭੇਦਾਂ ਤੱਕ ਨੂੰ ਜਾਣ ਦਾ ਹੈ । ਉਸ ਦੇ ਗਿਆਨ ਦਾ ਕੋਈ ਮਨੁੱਖ ਅੰਦਾਜ਼ਾ ਨਹੀਂ ਕਰ ਸਕਦਾ ।ਮਨੁੱਖ ਤਾਂ ਕੇਵਲ ਉਹ ਹੀ ਜਾਣਦੇ ਹਨ ਜਿੰਨੀ ਕਿ ਉਨਾਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ ।ਉਸ ਦੀ ਕੁਰਸੀ ਜ਼ਮੀਨ ਅਤੇ ਅਸਮਾਨ ਵਿੱਚ ਫੈਲੀ ਹੋਈ ਹੈ ਅਤੇ ਉਹ ਪੂਰੀ ਸਰਿਸ਼ਟੀ ਨੂੰ ਚਲਾ ਰਿਹਾ ਹੈ । ਕੁਰਆਨ ਦੱਸਦਾ ਹੈ ਕਿ :

"ਇਹ ਅੱਲਾਹ ਤੁਹਾਡਾ ਰੱਬ ਹੈ ।ਇਸ ਤੋਂ ਛੁੱਟ ਕੋਈ ਬੰਦਗੀ ਕਰਨ ਯੋਗ ਨਹੀਂ ਹੈ ।ਹਰੇਕ ਚੀਜ਼ ਨੂੰ ਪੈਦਾ ਕਰਨ ਵਾਲਾ ਤਾਂ ਤੁਸੀਂ ਉਸ ਦੀ ਬੰਦਗੀ ਕਰੋ ਅਤੇ ਉਹੋ ਹਰੇਕ ਚੀਜ਼ ਦਾ ਨਿਗਰਾਨ ਵੀ ਹੈ (102)ਨਜ਼ਰਾਂ ਉਸ ਤੱਕ ਨਹੀਂ ਪਹੁੰਚ ਸਕਦੀਆਂ ਪਰ ਉਹ ਨਜ਼ਰਾਂ ਤੱਕ ਪਹੁੰਚ ਜਾਂਦਾ ਹੈ ਉਹ ਤਾਂ ਬਹੁਤ ਹੀ ਬਰੀਕੀ ਨੂੰ ਜਾਨਣ ਵਾਲਾ ਅਤੇ ਖ਼ਬਰਦਾਰ ਹੈ(103)"(ਸੂਰਤ ਅਲ-ਅਨਾਮ,102-103)

ਕੁਰਆਨ ਦੀ ਇਹ ਆਇਤ ਸਾਨੂੰ ਦੱਸਦੀ ਹੈ ਕਿ ਜਿਸ ਵਿੱਚ ਅਜਿਹੀਆਂ ਖ਼ੂਬੀਆਂ ਪਾਈਆਂ ਜਾਂਦੀਆਂ ਹੋਣ,ਜਿਹੜੀਆਂ ਕਿ ਉੱਪਰ ਵਿਸਥਾਰ ਪੂਰਵਕ ਦੱਸੀਆਂ ਜਾ ਚੁੱਕੀਆ ਹਨ, ਕੇਵਲ ਉਹ ਹੀ ਤੁਹਾਡਾ ਰੱਬ ਹੈ ਜਿਸ ਨੇ ਤੁਹਾਨੂੰ ਅਤੇ ਪੂਰੀ ਸਰਿਸ਼ਟੀ ਨੂੰ ਪੈਦਾ ਕੀਤਾ ਹੈ ਉਸ ਤੋਂ ਛੁੱਟ ਕੋਈ ਹੋਰ ਤੁਹਾਡਾ ਰੱਬ ਨਹੀਂ ਹੈ ।ਇਸ ਕਾਰਨ ਕੇਵਲ ਉਸ ਇਕੱਲੇ ਅੱਲਾਹ ਤਆਲਾ ਦੀ ਬੰਦਗੀ (ਪੂਜਾ)ਕਰੋ ਨਾ ਕਿ ਕਿਸੇ ਹੋਰ ਦੀ ।ਨਾਲ ਹੀ ਇਹ ਆਇਤ ਸਾਨੂੰ ਇਹ ਵੀ ਦੱਸਦੀ ਹੈ ਕਿ ਸਾਡੀਆਂ ਅੱਖਾਂ ਉਸ ਨੂੰ ਦੇਖ ਨਹੀਂ ਸਕਦੀਆਂ ਪਰ ਉਹ ਇਕੱਲਾ ਸਭਨਾਂ ਨੂੰ ਦੇਖ ਸਕਦਾ ਹੈ ।

## ਇੱਕ ਅੱਲਾਹ ਨੂੰ ਛੱਡ ਕੇ ਹੋਰ ਬਹੁਤ ਸਾਰੇ ਮਨ-ਭਾਉਂਦੇ ਇਸ਼ਟਾਂ ਦੀ ਹਕੀਕਤ ਤੇ ਹੈਸੀਅਤ

ਕਈਆਂ ਨੇ ਇੱਕ ਅੱਲਾਹ ਨੂੰ ਛੱਡ ਕੇ ਹੋਰ ਬਹੁਤ ਸਾਰੇ ਮਨ ਭਾਉਂਦੇ ਇਸ਼ਟ ਅਤੇ ਰੱਬ ਬਣਾ ਛੱਡੇ ਹਨ ਜਦ ਕਿ ਉਨ੍ਹਾਂ ਦੀ ਕੁਝ ਵੀ ਅਸਲੀਅਤ ਨਹੀਂ ਹੈ ।ਇਨ੍ਹਾਂ ਮਨ-ਭਾਉਂਦੇ ਇਸ਼ਟਾਂ ਦੀ ਅਸਲੀਅਤ ਨੂੰ ਸਮਝਾਉਂਣ ਲਈ ਕੁਰਆਨ ਨੇ ਕਈ ਮਸਾਲਾਂ ਦਿੱਤੀਆਂ ਹਨ ਜਿਹੜੀਆਂ ਕਿ ਬਹੁਤ ਹੀ ਆਸਾਨ ਅਤੇ ਦਿਮਾਗ਼ ਨੂੰ ਝੰਜੋੜਣ ਵਾਲੀਆਂ ਹਨ । ਪਰ ਸੱਚੇ ਦਿਲੋਂ ਸਮਝਣ ਦੀ ਲੋੜ ਹੈ ।

"ਐ ਲੋਕੋ ! ਇੱਕ ਉਦਾਹਰਣ ਦਿੱਤੀ ਜਾਂਦੀ ਹੈ ਕੰਨ ਲਾ ਕੇ ਸੁਣੋ ਅੱਲਾਹ ਨੂ ਛੱਡ ਕੇ ਜਿਨ੍ਹਾਂ ਇਸ਼ਟਾਂ ਨੂੰ ਤੁਸੀਂ ਮੰਨਦੇ ਹੋ ਉਹ ਸਭ ਰਲ-ਮਿਲ ਕੇ ਇੱਕ ਮੱਖੀ ਵੀ ਪੈਦਾ ਕਰਨਾ ਚਾਹੁਣ ਤਾਂ ਨਹੀਂ ਕਰ ਸਕਦੇ, ਸਗੋਂ ਜੇ ਮੱਖੀ ਉਨ੍ਹਾਂ ਕੋਲੋਂ ਕੋਈ ਚੀਜ਼ ਖੋਹ ਕੇ ਲੈ ਜਾਵੇ ਤਾਂ

ਉਹ ਉਸ ਨੂੰ ਛੁਡਾ ਵੀ ਨਹੀਂ ਸਕਦੇ ਸਹਾਇਤਾ ਮੰਗਣ ਵਾਲੇ ਵੀ ਕੰਮਜ਼ੋਰ ਅਤੇ ਜਿਨ੍ਹਾਂ ਕੋਲੋਂ ਸਹਾਇਤਾ ਮੰਗੀ ਜਾਂਦੀ ਹੈ ਉਹ ਵੀ ਕਮਜ਼ੋਰ(73)" (ਸੂਰਤ ਹੱਜ,ਆਇਤ 73)

ਇਸ ਆਇਤ ਵਿੱਚ ਰੱਬ ਸੱਚੇ ਨੇ ਚੈਲੇਂਜ ਦੇ ਕੇ ਦੁਨੀਆਂ ਦੇ ਲੋਕਾਂ ਦੇ ਦਿਲਾਂ ਅਤੇ ਦਿਮਾਗਾਂ ਉੱਤੇ ਇੱਕ ਸੱਟ ਮਾਰੀ ਹੈ ।ਉਨ੍ਹਾਂ ਦੇ ਮਨ-ਚਾਹੇ ਇਸ਼ਟਾਂ ਦੀ ਅਸਲੀਅਤ ਦੱਸੀ ਹੈ ਕਿ ਉਹ ਜਾਗਣ ਅਤੇ ਆਪਣੀਆਂ ਅੱਖਾਂ ਤੋਂ ਅੰਨ੍ਹੀ ਸ਼ਰਧਾ ਦੀ ਪੱਟੀ ਉਤਾਰ ਕੇ ਹਨੇਰੇ ਤੋਂ ਬਾਹਰ ਨਿੱਕਲਣ ।ਜਿਹੜੇ ਮਨ-ਭਾਉਂਦੇ ਇਸ਼ਟਾਂ ਨੂੰ ਪੂਜਦੇ ਹਨ, ਉਹ ਸਾਰੇ ਮਿਲ ਕੇ ਇੱਕ ਮੱਖੀ ਵੀ ਪੈਦਾ ਨਹੀਂ ਕਰ ਸਕਦੇ ।ਉਹ ਤਾਂ ਇੰਨੇ ਬੋਦੇ ਹਨ ਕਿ ਜੇ ਮੱਖੀ ਉਨ੍ਹਾਂ ਤੌਂ ਕੁਝ ਖੋਹ ਕੇ ਲੈ ਜਾਵੇ ਤਾਂ ਉਹ ਉਸ ਮੱਖੀ ਤੋਂ ਵੀ ਚੀਜ਼ ਵਾਪਸ ਨਹੀਂ ਲੈ ਸਕਦੇ ।ਪੈਦਾ ਕਰਨਾ ਅਤੇ ਮੌਤ ਦੇਣਾ ਤਾਂ ਕੇਵਲ ਉਸ ਅੱਲਾਹ ਦੇ ਹੱਥ ਹੈ, ਜਿਸ ਨੂੰ ਕਿਸੇ ਹੋਰ ਨੇ ਪੈਦਾ ਨਹੀਂ ਕੀਤਾ। ਜਿਸ ਨੂੰ ਕਿਸੇ ਹੋਰ ਨੇ ਪੈਦਾ ਹੀ ਕਰ ਦਿੱਤਾ, ਉਹ ਕਿਸੇ ਹੋਰ ਨੂੰ ਕੀ ਪੈਦਾ ਕਰੇਗਾ ।ਉਹ ਤਾਂ ਆਪ ਹੋਰ ਜੀਵਾਂ ਵਰਗਾ ਜੀਵ ਹੋਇਆ ।ਪੈਦਾ ਕਰਨ ਦੀ ਸ਼ਕਤੀ ਤਾਂ ਕੇਵਲ ਉਸ ਇਕੱਲੇ ਅੱਲਾਹ ਕੋਲ ਹੈ।ਉਸ ਨੂੰ ਕਦੇ ਮੌਤ ਨਹੀਂ ਆਉਂਦੀ ।ਉਸ ਨੂੰ ਕਦੇ ਨਾ ਤਾਂ ਉਂਘ ਆਉਂਦੀ ਹੈ ਨਾ ਹੀ ਨੀਂਦ, ਨਾ ਭੁੱਖ ਲੱਗਦੀ ਹੈ ਅਤੇ ਨਾ ਪਿਆਸ, ਉਹ ਇਕੱਲਾ ਹੈ, ਉਸ ਜਿਹਾ ਕੋਈ ਦੂਜਾ ਨਹੀਂ ।ਇਸ ਆਇਤ ਦੇ ਅੰਤ ਵਿੱਚ ਰੱਬ ਸੱਚਾ ਆਖ ਰਿਹਾ ਹੈ ਕਿ ਮੰਗਣ ਵਾਲਾ ਵੀ ਬੋਦਾ ਅਤੇ ਜਿਸ ਤੋਂ ਮੰਗਿਆ ਜਾ ਰਿਹਾ ਹੈ ਉਹ ਵੀ ਬੋਦਾ। ਮੰਗਣ ਵਾਲਾ ਇਸ ਪੱਖੋਂ ਬੋਦਾ ਹੈ ਕਿ ਉਸ ਨੂੰ ਚਾਹੀਦਾ ਹੈ ਕਿ ਉਹ ਪਛਾਣੇ ਕਿ ਉਸ ਦਾ ਰੱਬ ਅਤੇ ਪੈਦਾ ਕਰਨ ਵਾਲਾ ਕੌਣ ਹੈ ।ਰੱਬ ਸੱਚੇ ਨੇ ਉਸ ਨੂੰ ਸੋਚਣ ਸਮਝਨ ਦੀ ਸ਼ਕਤੀ ਦਿੱਤੀ ਹੈ ।ਜਿਸ ਸ਼ਕਤੀ ਨਾਲ ਉਹ ਆਪਣੇ ਵੱਡੇ ਤੋਂ ਵੱਡੇ ਮਸਲੇ ਹੱਲ ਕਰਦਾ ਹੈ ਅਤੇ ਜ਼ਿੰਦਗੀ ਦੇ ਉਲਝੇਵਿਆਂ ਨੂੰ ਝੇਲਦਾ ਹੋਇਆ ਅੱਗੇ ਵੱਧਦਾ ਹੈ ।ਸੋਚਣ ਵਾਲੀ ਗੱਲ ਇਹ ਹੈ ਕਿ ਉਹ ਮਨੁੱਖ ਜਿਸ ਨੂੰ ਰੱਬ ਸੱਚੇ ਨੇ ਸੋਚਣ ਅਤੇ ਸਮਝਣ ਦੀ ਸ਼ਕਤੀ ਦਿੱਤੀ, ਚੰਗੇ ਅਤੇ ਮਾੜੇ ਦੀ ਪਛਾਣ ਕਰਨ ਦੀ ਸਮਝ ਦਿੱਤੀ ਹੈ ਅਤੇ ਉਹ ਮਨੁੱਖ ਆਪਣੀ ਸੋਚ ਨਾਲ ਜ਼ਿੰਦਗੀ ਦੇ ਵੱਡੇ

ਤੋਂ ਵੱਡੇ ਉਲਝੇਵੇਂ ਹੱਲ ਕਰਦਾ ਹੋਇਆ, ਜ਼ਿੰਦਗੀ ਦੇ ਝਮੇਲਿਆਂ ਨੂੰ ਝੇਲਦਾ ਹੋਇਆ ਅੱਗੇ ਵੱਧਦਾ ਹੈ, ਉਸ ਦੀ ਇਹੀ ਅਕਲ ਧਰਮ ਸਬੰਧੀ ਕਿੱਥੇ ਖੋ ਜਾਂਦੀ ਹੈ ?

ਉਹ ਕਿਉਂ ਨਹੀਂ ਪਹਿਚਾਣਦਾ ਕਿ ਉਸ ਨੂੰ ਪੈਦਾ ਕਰਨ ਵਾਲਾ ਕੌਣ ਹੈ ?ਉਹ ਕਿਉਂ ਨਹੀਂ ਸੋਚਦਾ ਕਿ ਉਸ ਦਾ ਮਾਲਕ ਕੌਣ ਹੈ ਅਤੇ ਕਿਸ ਨੂੰ ਇਸ਼ਟ ਕਹਿਣ ਦਾ ਹੱਕ ਹੈ? ਇਹੋ ਮਨੁੱਖ ਕਿਉਂ ਹਰ ਕਿਸੇ ਨੂੰ ਰੱਬ ਦਾ ਦਰਜਾ ਦੈ ਬੈਠਦਾ ਹੈ? ਹੋਰ ਤਾਂ ਹੋਰ ਇਹ ਮਨੁੱਖ ਤਾਂ ਖੁਦ ਆਪਣੇ ਆਪਣੇ ਤੋਂ ਮਾੜੇ ਨੂੰ ਵੀ ਪੂਜਣ ਲੱਗ ਪੈਂਦਾ ਹੈ ਅਤੇ ਉਸ ਦੇ ਅੱਗੇ ਮੱਥਾ ਟੇਕ ਦਿੰਦਾ ਹੈ ਭਾਵੇਂ ਕਿ ਉਹ ਮਰਿਆ ਹੋਇਆ ਪੀਰ, ਫ਼ਕੀਰ ਜਾਂ ਕੋਈ ਦੂਜਾ ਧਾਰਮਿਕ ਆਗੂ ਹੀ ਕਿਉਂ ਨਾ ਹੋਵੇ ।ਭਾਵੇਂ ਕੋਈ ਜਾਨਵਰ ਹੋਵੇ ਜਾਂ ਫੇਰ ਕੋਈ ਮਿੱਟੀ 'ਤੇ ਚੂਨੇ ਦੀ ਬਣੀ ਮੂਰਤੀ ਹੋਵੇ ।ਇਹ ਸਾਰੀਆਂ ਚੀਜ਼ਾਂ ਉਹ ਹਨ ਜਿਨ੍ਹਾਂ ਦੀ ਕੋਈ ਹਕੀਕਤ ਅਤੇ ਹੈਸੀਅਤ ਨਹੀਂ ਹੈ ।ਇਨ੍ਹਾਂ ਸਾਰੀਆਂ ਗੱਲਾਂ ਨੂੰ ਸਾਹਮਣੇ ਰੱਖਦੇ ਹੋਏ ਕਿਹਾ ਜਾ ਰਿਹਾ ਹੈ ਕਿ ਮੰਗਣ ਵਾਲਾ ਵੀ ਕੰਮਜ਼ੋਰ ਤੇ ਬੋਦਾ ਹੈ ।

## ਸੱਚੇ ਰੱਬ ਨੂੰ ਪਹਿਚਾਨਣ ਦੀ ਇੱਛਾ :

ਹਜ਼ਰਤ ਇਬਰਾਹੀਮ (ਅਲੈ.)ਰੱਬ ਵੱਲੋਂ ਭੈਜੇ ਗਏ ਇੱਕ ਨਬੀ ਸਨ ।ਉਨ੍ਹਾਂ ਦਾ ਸਬੰਧ ਉਸ ਘਰਾਣੇ ਨਾਲ ਸੀ ਜੋ ਕਿ ਬੁੱਤਾਂ ਅਤੇ ਮੂਰਤੀਆਂ ਬਣਾਉਂਦੇ,ਵੇਚਦੇ ਅਤੇ ਉਨ੍ਹਾਂ ਦੀ ਹੀ ਪੂਜਾ ਕਰਦੇ ਸਨ ।ਜੋਦੋਂ ਇਬਰਾਹੀਮ(ਅਲੈ.)ਛੋਟੀ ਉਮਰ ਵਿੱਚੋਂ ਨਿਕਲੇ ਅਤੇ ਰੱਬ ਸੱਚੇ ਨੇ ਉਨ੍ਹਾਂ ਨੂੰ ਅਕਲ ਸਮਝ ਦਿੱਤੀ ਤਾਂ ਉਨ੍ਹਾਂ ਨੇ ਦੇਖਿਆ ਕਿ ਖਾਨਦਾਨ ਦੇ ਲੋਕ ਆਪ ਹੀ ਮਿੱਟੀ ਦੀਆਂ ਮੂਰਤਾਂ ਬਣਾਉਂਦੇ ਹਨ ਅਤੇ ਆਪ ਹੀ ਆਪਣੇ ਸਾਹਮਣੇ ਰੱਖ ਕੇ ਪੂਜਨਾ ਸ਼ੁਰੂ ਕਰ ਦਿੰਦੇ ਹਨ ਹਜ਼ਰਤ ਇਬਰਾਹੀਮ (ਅਲੈ.)ਦੇ ਮਨ ਵਿੱਚ ਸਵਾਲ ਪੈਦਾ ਹੋਇਆ ਕਿ ਇਹ ਸਾਰੀਆਂ ਮੂਰਤੀਆਂ ਮੇਰਾ ਰੱਬ ਨਹੀਂ ਹੋ ਸਕਦੀਆਂ ।ਜਿਸ ਨੂੰ ਆਪਣੇ ਹੱਥ ਨਾਲ ਬਣਾ ਕੇ ਆਪਣੇ ਸਾਹਮਣੇ ਰੱਖ ਕੇ ਪੂਜਨਾ ਸ਼ੁਰੂ ਕਰ ਦਿੱਤਾ ਜਾਵੇ ਜਦ ਕੇ ਇਨ੍ਹਾਂ ਇਸ਼ਟਾਂ ਦਾ ਹਾਲ

ਤਾਂ ਇਹ ਹੈ ਕਿ ਇਹ ਤਾਂ ਆਪਣੇ ਉੱਪਰੋਂ ਮੱਖੀ ਵੀ ਨਹੀਂ ਹਟਾ ਸਕਦੇ ।ਇਹ ਨਾ ਲਾਭ ਪਹੁੰਚਾਉਂਦੇ ਹਨ, ਅਤੇ ਨਾ ਹਾਨੀ, ਨਾ ਬੋਲਦੇ ਹਨ ਅਤੇ ਨਾ ਹੀ ਸੁਣਦੇ ਹਨ ਤਾਂ ਫੇਰ ਮੈਂ ਕਿਵੇਂ ਇਨ੍ਹਾਂ ਪੱਥਰ ਦੀਆਂ ਮੂਰਤੀਆਂ ਨੂੰ ਆਪਣਾ ਰੱਬ ਮੰਨ ਲਵਾਂ? ਕੁਰਆਨ ਵਿੱਚ ਇਬਰਾਹੀਮ (ਅਲੈ.)ਦੀ ਇਹੋ ਕਹਾਣੀ ਬਿਆਨ ਕੀਤੀ ਗਈ ਹੈ ਜੋ ਕਿ ਨਸੀਹਤ ਪ੍ਰਾਪਤ ਕਰਨ ਲਈ ਲਾਭਦਾਇਕ ਹੈ ।

"ਅਤੇ ਹ ਘੜੀ ਵੀ ਯਾਦ ਕਰਨ ਵਾਲੀ ਹੈ, ਜਦੋਂ ਇਬਰਾਹੀਮ (ਅਲੈ.)ਨੇ ਆਪਣੇ ਪਿਤਾ ਆਜ਼ਰ ਨੂੰ ਆਖਿਆ ਕਿ ਕੀ ਤੁਸੀਂ ਬੁਤਾਂ ਨੂੰ ਰੱਬ ਮੰਨਦੇ ਹੋ ? ਯਕੀਨ ਮੰਨੋਂ ਮੈਂ ਤੁਹਾਨੂੰ ਅਤੇ ਸਾਰੀ ਕੌਮ ਨੂੰ ਕੁਰਾਹੇ ਪਿਆ ਵੇਖਦਾ ਹਾਂ (74) ਇਬਰਾਹੀਮ (ਅਲੈ.)ਨੂੰ ਅਸੀਂ ਇਸੇ ਤਰ੍ਹਾਂ ਧਰਤੀ ਅਤੇ ਆਕਾਸ਼ਾਂ ਦੀ ਮਖ਼ਲੂਕ ਵਿਖਾਉਂਦੇ ਹਾਂ ਅਤੇ ਇਸ ਲਈ ਵਿਖਾਉਂਦੇ ਹਾ ਕਿ ਉਹ ਵਿਸ਼ਵਾਸ਼ ਕਰਨ ਵਾਲਿਆਂ ਵਿਚੋਂ ਹੋ ਜਾਵੇ(75) ਸੋ ਜਦੋਂ ਰਾਤ ਪੈ ਗਈ ਅਤੇ ਉਸ ਨੇ ਇਬਰਾਹੀਮ (ਅਲੈ.)ਨੇ ਇੱਕ ਤਾਰਾ ਵੇਖਿਆ ਅਤੇ ਆਖਣ ਲੱਗਿਆ ਇਹ ਮੇਰਾ ਰੱਬ ਹੈ ਪਰ ਜਦੋਂ ਉਹ ਡੁੱਬ ਗਿਆ ਤਾਂ ਆਖਣ ਲੱਗਾ ਕਿ ਡੁੱਬ ਜਾਣ ਵਾਲੇ ਤਾ ਮੈਨੂੰ ਨਹੀਂ ਭਾਉਂਦੇ (76)ਫੇਰ ਜਦੋਂ ਚੰਨ ਨੂੰ ਵੇਖਿਆ ਕਿ ਲਿਸ਼ਕਾਰੇ ਮਾਰਦਾ ਪਿਆ ਹੈ ਤਾਂ ਆਖਿਆ ਇਹ ਮੇਰਾ ਰੱਬ ਹੈ ਪਰ ਜਦੋਂ ਉਹ ਵੀ ਡੁੱਬ ਗਿਆ ਤਾਂ ਆਖਿਆ ਕਿ ਜੇ ਮੇਰੇ ਰੱਬ ਨੇ ਮੈਨੂੰ ਰਾਹ ਨਾ ਵਿਖਾਈ ਹੁੰਦੀ ਤਾਂ ਮੈਂ ਵੀ ਕੁਰਾਹੇ ਪੈ ਜਾਣ ਵਾਲਿਆਂ ਵਿੱਚ ਜਾ ਰਲਿਆ ਹੁੰਦਾ (77)ਫੇਰ ਜੋਦੋਂ ਸੂਰਜ ਨੂੰ ਲਿਸ਼ਕਾਰੇ ਮਾਰਦਿਆਂ ਵੇਖਿਆ ਤਾਂ ਆਖਿਆ ਇਹ ਹੈ ਮੈਰਾ ਰੱਬ ਇਹ ਲਭਨਾਂ ਨਾਲੋਂ ਵੱਡਾ ਹੈ ਪਰ ਜਦੋਂ ਉਹ ਵੀ ਡੁੱਬ ਗਿਆ ਤਾਂ ਇਬਰਾਹੀਮ(ਅਲੈ.)ਆਖਣ ਲੱਗੇ, "ਐ ਮੇਰੇ ਕੌਮੀ ਭਰਾਵੋ! ਮੈਂ ਉਨਾਂ ਸਭਨਾਂ ਤੋਂ ਬੇ-ਪਰਵਾਹ ਹਾਂ ਜਿਨ੍ਹਾਂ ਨੂੰ ਤੁਸੀਂ ਰੱਬ ਦਾ ਸ਼ਰੀਕ ਬਣਾਂਉਂਦੇ ਹੋ (78)ਮੈਂ ਤਾਂ ਇੱਕਲਾ ਹੋ ਕੇ ਆਪਣਾ ਮੂੰਹ ਉਸ ਹਸਤੀ ਵੱਲ ਕਰ ਲਿਆ ਜਿਸ ਨੇ ਧਰਤੀ ਅਤੇ ਆਕਾਸ਼ਾਂ ਨੂੰ ਸਾਜਿਆ ਹੈ ਤੇ ਮੈਂ ਉੱਕਾ ਸ਼ਿਰਕ ਕਰਨ ਵਾਲਿਆ ਵਿਚੋਂ ਨਹੀਂ ਹਾਂ" (79) ਉਸ

ਇਬਰਾਹੀਮ(ਅਲੈ.)ਦੀ ਕੌਮ ਉਸ ਨਾਲ ਝਗੜਣ ਲੱਗੀ ਤਾਂ ਉਸ ਇਬਰਾਹੀਮ(ਅਲੈ.)ਨੇ ਕੌਮ ਨੂੰ ਆਖਿਆ ਕੀ ਤੁਸੀਂ ਅੱਲਾਹ ਦੇ ਮਾਮਲੇ ਵਿੱਚ ਮੇਰੇ ਨਾਲ ਝਗੜਦੇ ਹੋ? ਜਦੋਂ ਕਿ ਉਸ ਅੱਲਾਹ ਨੇ ਮੈਂ ਨੂੰ ਸਿੱਧਾ ਰਾਹ ਵਿਖਾ ਦਿੱਤਾ ਹੈ ਅਤੇ ਮੈਂ ਤੁਹਾਡੇ ਘੜੇ ਹੋਵੇ ਸ਼ਰੀਕਾਂ ਤੋਂ ਨਹੀਂ ਡਰਦਾ ਹਾਂ ਮੇਰਾ ਰੱਬ ਜੋ ਕੁਝ ਚਾਹੈ ਤਾਂ ਉਹ ਜ਼ਰੂਰ ਹੋ ਸਕਦਾ ਹੈ ਮੇਰੇ ਰੱਬ ਦਾ ਗਿਆਨ ਹਰੇਕ ਸ਼ੈਅ ਉੱਤੇ ਫੈਲਿਆ ਹੋਇਆ ਹੈ ।ਕੀ ਤੁਸੀਂ ਨਸੀਹਤ ਹਾਸਿਲ ਨਹੀਂ ਕਰਦੇ(80)"(ਸੂਰਤ ਅਨਆਮ 74ਤੋਂ80)

ਕੁਰਆਨ ਦੀਆਂ ਇਹ ਆਇਤਾਂ ਅਤੇ ਇਬਰਾਹੀਮ(ਅਲੈ.)ਦੀ ਸੱਚੀ ਤੜਪ ਤੋਂ ਇੱਕ ਸਬਕ ਮਿਲਦਾ ਹੈ ਕਿ ਜੇਕਰ ਕੋਈ ਮਨੁੱਖ ਸੱਚੇ ਦਿਲੋਂ ਤੜਪ ਨਾਲ ਰੱਬ ਸੱਚੇ ਦੀ ਦਿੱਤੀ ਹੋਈ ਅਕਲ ਦੇ ਨਾਲ ਆਪਣੇ ਰੱਬ ਨੂੰ ਪਹਿਚਾਨਣਾ ਚਾਹੇ ਤਾਂ ਉਹ ਮਨੁੱਖ ਛੇਤੀ ਹੀ ਉਸ ਨੂੰ ਪਾ ਲਵੇਗਾ ।ਮਨੁੱਖ ਦੁਨੀਆਂ ਦੇ ਹਰ ਕੰਮ ਵਿੱਚ ਆਪਣੀ ਅਕਲ ਦੀ ਵਰਤੋਂ ਕਰਦਾ ਹੈ । ਆਪਣੇ ਚੰਗੈ ਮਾੜੇ ਨੂੰ ਪਹਿਚਾਣਦਾ ਹੈ ।ਜਿਹੜਾ ਕੰਮ ਉਸ ਦੇ ਲਈ ਲਾਭਦਾਇਕ ਹੁੰਦਾ ਹੈ ਉਸ ਨੂੰ ਕਰਦਾ ਹੈ ਅਤੇ ਹਾਨੀ ਦੇਣ ਵਾਲੀ ਚੀਜ਼ ਜਾਂ ਘਾਟੇ ਵਾਲੇ ਕੰਮ ਨੂੰ ਛੱਡ ਦਿੰਦਾ ਹੈ । ਕੀ ਸਾਨੂੰ ਨਹੀਂ ਚਾਹੀਦਾ ਕੀ ਅਸੀਂ ਕਦੀ ਆਪਣੀ ਇਸ ਅਕਲ ਦੀ ਵਰਤੋਂ ਆਪਣੇ ਪੈਦਾ ਕਰਨ ਵਾਲੇ ਅਤੇ ਰੱਬ ਨੂੰ ਪਹਿਚਾਨਣ ਲਈ ਵੀ ਕਰੀਏ ।ਇਸ ਪੂਰੀ ਸਰਿਸ਼ਟੀ ਨੂੰ ਕਿਸ ਨੇ ਬਣਾਇਆ? ਕੋਣ ਧਰਤੀ ਦੇ ਹੇਠਾਂ ਤੋਂ ਰੰਗ ਬਿਰੰਗੇ ਫਲ ਅਤੇ ਸਬਜ਼ੀਆਂ ਪੈਦਾ ਕਰਦਾ ਹੈ?ਇਹ ਸਭ ਕੁਝ ਕਿਵੇਂ ਹੋ ਰਿਹਾ ਹੈ? ਮਨੁੱਖ ਨੂੰ ਆਪਣਿਆਂ ਅੱਖਾ ਤੋਂ ਸ਼ਰਧਾ ਦੀ ਅੰਨ੍ਹੀ ਪੱਟੀ ਉਤਾਰਨੀ ਚਾਹੀਦੀ ਹੈ ਅਤੇ ਸੱਚੇ ਰੱਬ ਦੀ ਦਿੱਤੀ ਹੋਈ ਅਕਲ ਦੇ ਸਹਾਰੇ ਸੋਚਣਾ ਚਾਹੀਦਾ ਹੈ ਕਿ ਜਿਸ ਨੂੰ ਮੈਂ ਆਪਣਾ ਇਸ਼ਟ ਮੰਨਿਆ 'ਤੇ ਜਿਸ ਅੱਗੇ ਝੁੱਕ ਰਿਹਾ ਹਾਂ, ਜਿਸ ਤੋਂ ਕੰਮ ਦੇ ਬਨਣ ਦੀ ਉੱਮੀਦ ਰੱਖਦਾ ਹਾਂ ਕੀ ਉਹ ਇਸ਼ਟ ਹੋਣ ਦਾ ਹੱਕਦਾਰ ਹੈ ਜਾਂ ਨਹੀਂ? ਜਿਵੇਂ ਕਿ ਅਸੀਂ ਪਿੱਛੇ ਪੜ੍ਹ ਵੀ ਚੁੱਕੇ ਹਾ ਕਿ ਇਬਰਾਹੀਮ (ਅਲੈ.)ਨੇ ਤੜਪ ਅਤੇ ਅਕਲ ਦੀ ਵਰਤੋਂ ਰਾਹੀਂ ਆਪਣੇ ਰੱਬ ਨੂੰ ਪਹਿਚਾਣਿਆ ।

# ਇਕ ਕੌੜਾ ਪ੍ਰਸ਼ਨ ਜਿਸ ਦਾ ਕੋਈ ਉੱਤਰ ਨਹੀਂ:

"ਇਨ੍ਹਾਂ (ਲੋਕਾਂ)ਨੂੰ ਇਬਰਾਹੀਮ (ਅਲੈ.) ਦਾ ਕਿੱਸਾ ਵੀ ਸੁਣਾ ਦਿਓ (69)ਜਦ ਕਿ ਉਨ੍ਹਾਂ (ਇਬਰਾਹੀਮ)ਨੇ ਆਪਣੇ ਪਿਤਾ ਅਤੇ ਕੌਮ ਨੂੰ ਆਖਿਆ ਕਿ ਤੁਸੀਂ ਕਿਸ ਦੀ ਪੂਜਾ ਕਰਦੇ ਹੋ?(70)ਉਨ੍ਹਾਂ ਨੇ ਉੱਤਰ ਦਿੱਤਾ ਕਿ ਪੂਜਾ ਕਰਦੇ ਹਾਂ ਮੂਰਤੀਆਂ ਦੀ, ਅਸੀਂ ਇਨ੍ਹਾਂ ਦੀ ਸੇਵਾ ਵਿੱਚ ਲਗੇ ਰਹਿਦੇ ਹਾਂ (71) ਇਬਰਾਹੀਮ (ਅਲੈ.)ਨੇ ਕਿਹਾ ਕਿ ਜਦ ਤੁਸੀਂ ਇਨ੍ਹਾਂ ਨੂੰ ਬੁਲਾਉਂਦੇ ਹੋ ਤਾਂ ਕੀ ਇਹ ਮੂਰਤੀਆਂ ਸੁਣਦੀਆਂ ਵੀ ਹਨ?(72) ਜਾਂ ਤੁਹਾਨੂੰ ਲਾਭ ਹਾਨੀ ਵੀ ਪਹੁੰਚਾ ਸਕਦੀਆਂ ਹਨ ?(73)ਉਨ੍ਹਾਂ ਨੇ ਕਿਹਾ (ਇਹ ਸਭ ਕੁਝ ਅਸੀਂ ਨਹੀਂ ਜਾਣਦੇ) ਅਸੀਂ ਤਾਂ ਆਪਣੇ ਬਾਪ ਦਾਦਿਆਂ ਨੂੰ ਇਸੇ ਤਰ੍ਹਾਂ ਕਰਦੇ ਵੇਖਿਆ ਹੈ (74) ਉਨ੍ਹਾਂ (ਇਬਰਾਹੀਮ ਅਲੈ.)ਨੇ ਆਖਿਆ ਕੁਝ ਖ਼ਬਰ ਵੀ ਹੈ (ਤੁਹਾਨੂੰ) ਜਿਨ੍ਹਾਂ ਨੂੰ ਤੁਸੀਂ ਪੂਜ ਰਹੇ ਹੋ?" (ਸੂਰਤ ਸ਼ੂਅਰਾ,ਆਇਤ69ਤੋਂ 75)

ਹਜ਼ਰਤ ਇਬਰਾਹੀਮ ਅਲੈ.)ਨੇ ਆਪਣੀ ਕੌਮ ਨੂੰ ਉਨ੍ਹਾਂ ਇਸ਼ਟਾਂ ਦੀ ਹੈਸੀਅਤ ਅਤੇ ਹਕੀਕਤ ਦੱਸਣ ਲਈ ਇੱਕ ਚੁਭਵਾਂ, ਕੌੜਾ ਅਤੇ ਨਾਲ ਹੀ ਹਕੀਕਤ ਨਾਲ ਭਰਿਆ ਇੱਕ ਸਵਾਲ ਕੀਤਾ ਸੀ ਕਿ ਜਿਨ੍ਹਾਂ ਇਸ਼ਟਾਂ ਨੂੰ ਉਹ ਪੂਜਦੇ ਹਨ, ਭਲਾ ਉਹ ਉਨ੍ਹਾਂ ਦੀ ਅਵਾਜ਼ ਵੀ ਸੁਣਦੇ ਹਨ? ਜੇਕਰ ਅਵਾਜ਼ ਸੁਣਦੇ ਹਨ ਤਾਂ ਕੀ ਜਵਾਬ ਵੀ ਦਿੰਦੇ ਹਨ ? ਜਾਂ ਇਨ੍ਹਾਂ ਬੁਤਾਂ ਤੋਂ ਕੋਈ ਲਾਭ ਜਾਂ ਹਾਨੀ ਵੀ ਪਹੁੰਚਦੀ ਹੈ? ਜੇਕਰ ਬੋਲਦੇ ਜਾਂ ਲਾਭ ਹਾਨੀ ਦਿੰਦੇ ਹੋਣ ਤਾਂ ਇਹ ਕੋਈ ਜਾਵਾਬ ਵੀ ਦੇਣ ।ਜਦੋਂ ਕੌਮ ਨੂੰ ਇਬਰਾਹੀ (ਅਲੈ.)ਦੇ ਇਸ ਪ੍ਰਸ਼ਨ ਦਾ ਕੋਈ ਉੱਤਰ ਨਹੀਂ ਮਿਲਿਆ ਤਾਂ ਇਹ ਕਹਿ ਕੇ ਪਿੱਛਾ ਛੁਡਾ ਲਿਆ ਕਿ ਅਸੀਂ ਇਹ ਸਭ ਕੁਝ ਤਾਂ ਨਹੀਂ ਜਾਣਦੇ, ਪਰ ਅਸੀਂ ਆਪਣੇ ਬਾਪ ਦਾਦਿਆਂ ਨੂੰ ਇਹੋ ਕੁਝ ਕਰਦੇ ਦੇਖਿਆ ਹੈ ।ਕੁਰਾਅਨ ਦੀਆਂ ਇਨ੍ਹਾਂ ਆਇਤਾਂ ਨੂੰ ਅਤੇ ਇਬਰਾਹੀਮ(ਅਲੈ.)ਦੇ ਇਸ

ਵਿਵਹਾਰ ਨੂੰ ਇੱਕ ਮਿਸਾਲ ਵੱਜੋਂ ਸਮਝਣਾ ਚਾਹੀਦਾ ਹੈ ।ਜੇਕਰ ਇੱਕ ਪੁੱਤਰ ਆਪਣੇ ਪਿਤਾ ਨੂੰ ਆਖਦਾ ਹੈ ਕਿ ਪਿਤਾ ਜੀ ਮੈਨੂੰ ਇੱਕ ਸਾਇਕਲ ਲੈ ਕੇ ਦਿਓ ਤਾਂ ਅੱਗੇ ਪਿਤਾ ਪੁਛਦਾ ਹੈ ਭਲਾ ਕਿ ਤੂੰ ਪ੍ਰੀਖਿਆ ਵਿਚੋਂ ਪਾਸ ਹੋਇਆ ਹੈ ਜਿਹੜਾ ਮੈਂ ਤੈਨੂੰ ਸਾਇਕਲ ਲੈ ਦਿਆ? ਪੁੱਤਰ ਆਪਣੇ ਪਿਤਾ ਦੀ ਗੱਲ ਸੁਣ ਕੇ ਚੁੱਪ ਹੋ ਜਾਂਦਾ ਹੈ। ਉਸ ਦੇ ਕੋਲ ਜਵਾਬ ਹੀ ਨਹੀਂ ਹੁੰਦਾ ।ਇਸੇ ਤਰ੍ਹਾਂ ਹੀ ਜਦੋਂ ਇਬਰਾਹੀ (ਅਲੈ.)ਦੀ ਕੌਮ ਨੇ ਉਨ੍ਹਾਂ ਨੂੰ ਆਪਣੇ ਮਨ-ਘੜਤ ਇਸ਼ਟਾਂ ਦੀ ਪੂਜਾ ਕਰਨ ਲਈ ਕਿਹਾ ਤਾਂ ਇਬਰਾਹੀ (ਅਲੈ.)ਨੇ ਹਾਂ ਜਾਂ ਨਾ ਵਿੱਚ ਜਵਾਬ ਦੇਣ ਦੀ ਥਾਂ ਆਪਣੀ ਕੌਮ ਨੂੰ ਪੁੱਛਿਆ ਕਿ ਜਿਹੜੇ ਇਸ਼ਟਾਂ ਨੂੰ ਉਹ ਪੂਜਦੇ ਹਨ ਕੀ ਉਹ ਬੋਲਣ, ਸੁਨਣ ਜਾਂ ਕੋਈ ਲਾਭ ਹਾਨੀ ਦੀ ਸ਼ਕਤੀ ਵੀ ਰੱਖਦੇ ਹਨ ? ਜਦੋਂ ਇਹ ਰੱਬ ਲਾਭ ਹਾਨੀ ਅਤੇ ਸੁਨਣ ਬੋਲਣ ਦੀ ਸ਼ਕਤੀ ਨਹੀਂ ਰੱਖਦੇ ਤਾਂ ਇਹ ਰੱਬ ਕਿਵੇਂ ਹੋ ਸਕਦੇ ਹਨ ? ਇਬਰਾਹੀ (ਅਲੈ.)ਦਾ ਇਹ ਕੌੜਾ ਪ੍ਰਸ਼ਨ ਸੀ ਜਿਸ ਦਾ ਉੱਤਰ ਉਨ੍ਹਾਂ ਦੀ ਕੌਮ ਦੇ ਲੋਕ ਨਹੀਂ ਦੇ ਸਕੇ ।ਇਸੇ ਤਰ੍ਹਾਂ ਇਹੋ ਹਾਲ ਅਤੇ ਇਹੋ ਹੈਸੀਅਤ ਉਨਾਂ ਪੀਰਾਂ,ਫਕੀਰਾਂ ਅਤੇ ਬਜ਼ੁਰਗਾਂ ਦੀ ਵੀ ਹੈ ਜਿਹੜੇ ਕਿ ਮਰ ਚੁਕੇ ਹਨ। ਉਹ ਆਪਣੀਆਂ ਕਬਰਾਂ ਵਿੱਚ ਮਨਾ ਮਿੱਟੀ ਦੇ ਹੇਠ ਹਨ ।ਜੋ ਆਪਣੀ ਕਬਰ ਤੋਂ ਇੱਕ ਮੱਖਿਵੀ ਨਹੀਂ ਹਟਾ ਸਕਦੇ ।ਫੇਰ ਉਹ ਕਿਸੇ ਨੂੰ ਲਾਭ ਜਾਂ ਹਾਨੀ ਕਿਥੋਂ ਪਹੁੰਚਾ ਸਕਦੇ ਹਨ ।ਕੁਰਆਨ ਵਿੱਚ ਆਖਿਆ ਗਿਆ ਹੈ ਕਿ ਜਿਹੜੇ ਲੋਕ ਮਰ ਚੁਕੇ ਹਨ ਨਾ ਉਨ੍ਹਾ ਦੇ ਕੰਨ ਹਨ ਜਿਸ ਨਾਲ ਉਹ ਸੁਣ ਸਕਣ, ਨਾ ਉਨ੍ਹਾ ਦੇ ਹੱਥ ਹਨ ਜਿਸ ਨਾਲ ਕੋਈ ਚੀਜ਼ ਫੜ ਸਕਣ, ਨਾ ਉਨ੍ਹਾਂ ਦੇ ਪੈਰ ਹਨ ਜਿਸ ਨਾਲ ਚੱਲ ਸਕਣ ।ਸੁਨਣਾ, ਬੋਲਣਾ,ਚੱਲਣਾ ਅਤੇ ਕਿਸੇ ਚੀਜ਼ ਨੂੰ ਫੜਨਾ ਇਹ ਸਾਰੀਆਂ ਯੋਗਤਾਵਾਂ ਮਨੁੱਖ ਦੇ ਜਿਉਂਦੇ ਜੀ ਹੁੰਦੀਆਂ ਹਨ। ਕੋਈ ਮਨੁੱਖ ਮਰ ਗਿਆ ਤਾਂ ਨਾਲ ਹੀ ਉਸ ਦੀਆਂ ਇਹ ਸਾਰੀਆਂ ਯੋਗਤਾਵਾਂ ਵੀ ਖ਼ਤਮ ਹੋ ਜਾਂਦੀਆਂ ਹਨ ।ਭਾਵੇਂ ਕਿ ਉਹ ਮਰਨ ਵਾਲਾ ਕੋਈ ਆਮ ਵਿਅਕਤੀ ਹੋਵੇ ਜਾਂ ਕੋਈ ਪੀਰ ਫ਼ਕੀਰ ਅਤੇ ਕੋਈ ਹੋਰ ਬਜ਼ੁਰਗ ।ਇਹ ਸਭ ਮਰਨ ਤੋਂ ਬਾਅਦ ਕੁਝ ਨਹੀਂ ਕਰ ਸਕਦੇ।

## ਮਨ-ਭਾਉਂਦੇ ਇਸ਼ਟਾਂ ਦੇ ਨਾਲ ਮਾੜਾ ਵਿਵਹਾਰ,ਉਨ੍ਹਾਂ ਦਾ ਕੋਈ ਸਹਾਇਕ ਨਹੀਂ:

ਜਿਵੇਂ ਕਿ ਪਹਿਲਾਂ ਹੀ ਦੱਸਿਆ ਜਾ ਚੁੱਕਾ ਹੈ ਕਿ ਇਬਰਾਹੀਮ (ਅਲੈ.)ਨੇ ਆਪਣੀ ਕੌਮ ਦੇ ਲੋਕਾਂ ਨੂੰ ਉਨ੍ਹਾਂ ਦੇ ਇਸ਼ਟਾਂ ਦੀ ਹਕੀਕਤ ਅਤੇ ਹੈਸਿਅਤ ਦੱਸਣ ਲਈ ਆਪਣੀ ਕੌਮ ਤੋਂ ਕੁਝ ਪ੍ਰਸ਼ਨ ਪੁੱਛੇ ਜਿਸ ਦੇ ਉੱਤਰ ਨਹੀਂ ਦੇ ਸਕੇ ।ਜਦੋਂ ਕੌਮ ਦੇ ਲੋਕ ਇਬਰਾਹੀਮ(ਅਲੈ.)ਦੇ ਵੱਖ-ਵੱਖ ਤਰੀਕਿਆਂ ਨਾਲ ਸਮਝਾਏ ਜਾਣ 'ਤੇ ਵੀ ਨਹੀਂ ਸਮਝੇ ਤਾਂ ਇਬਰਾਹੀਮ(ਅਲੈ.)ਨੇ ਕੌਮ ਨੂੰ ਸਮਝਾਉਂਣ ਲਈ ਅਤੇ ਮਨ-ਭਾਉਂਦੇ ਇਸ਼ਟਾਂ ਦੀ ਹੈਸੀਅਥ ਅਤੇ ਬੋਦਾਪਣ ਦੱਸਣ ਲਈ ਇੱਕ ਤਰੀਕਾ ਹੋਰ ਅਪਣਾਇਆ, ਜਿਹੜਾ ਕਿ ਨਸੀਹਤ ਲੈਣ ਲਈ ਬਹੁਤ ਹੀ ਮਜ਼ੇਦਾਰ ਹੈ ।ਕੁਰਆਨ ਵਿੱਚ ਇੱਹ ਕਿੱਸਾ ਬਿਆਨ ਕੀਤਾ ਜਾਂਦਾ ਹੈ :

"ਜਦੋਂ ਉਸ (ਇਬਰਾਹੀਮ ਅਲੈ.)ਨੇ ਆਪਣੇ ਪਿਤਾ ਨੂੰ ਅਤੇ ਆਪਣੀ ਕੌਮ ਨੂੰ ਕਿਹਾ ਕਿ ਇਹ ਮੂਰਤੀਆਂ ਜਿਨ੍ਹਾਂ ਦੇ ਤੁਸੀਂ ਮੁਜਾਵਿਰ ਬਣੇ ਬੈਠੇ ਹੋ, ਕੀ ਹਨ?(52) ਸਭਨਾਂ ਨੇ ਉੱਤਰ ਦਿੱਤਾ ਕਿ ਅਸੀਂ ਆਪਣੇ ਬਾਪ ਦਾਦਿਆਂ ਨੂੰ ਇਨ੍ਹਾਂ ਦੀ ਭਗਤੀ ਕਰਦੇ ਹੋਏ ਵੇਖਿਆ ਹੈ (53)ਆਪ (ਇਬਰਾਹੀਮ ਅਲੈ.)ਨੇ ਆਖਿਆ ! ਫੇਰ ਤਾਂ ਤੁਸੀਂ ਅਤੇ ਤੁਹਾਡੇ ਬਾਪ ਦਾਦੇ ਸਾਰੇ ਦੇ ਸਾਰੇ ਸਪਸ਼ਟ ਕੁਰਾਹੇ ਪਏ ਹੋਏ ਸੀ(54)ਕਹਿਣ ਲੱਗੇ ਕੀ ਤੁਸੀਂ ਸੱਚੀ-ਮੁੱਚੀ ਸਾਡੇ ਕੋਲ ਹੱਕ ਗੱਲ ਲੈ ਕੇ ਆਏ ਹੋ?(55)ਉਸ ਨੇ ਉੱਤਰ ਦਿੱਤਾ ਨਹੀਂ ਸਗੋਂ ਅਸਲ ਵਿੱਚ ਤੁਹਾਡਾ ਰੱਬ ਉਹ ਹੀ ਹੈ ਜਿਹੜਾ ਧਰਤੀ ਅਤੇ ਆਕਾਸ਼ਾਂ ਦਾ ਰੱਬ ਤੇ ਉਨ੍ਹਾਂ ਦਾ ਸਾਜਣਹਾਰ ਹੈ ।ਇਸ (ਗੱਲ)'ਤੇ ਮੈਂ ਤੁਹਾਡੇ ਸਾਹਮਣੇ ਗਵਾਹੀ ਦਿੰਦਾ ਹਾਂ (56)ਮੈਂ ਤੁਹਾਡੀ ਗ਼ੈਰ ਹਾਜ਼ਰੀ ਵਿੱਚ ਤੁਹਾਡੀਆਂ ਮੂਰਤੀਆਂ ਦੇ ਨਾਲ ਇੱਕ ਚਾਲ ਚਲਾਂਗਾ (57)ਸੋ

ਉਸ ਨੇ ਉਨ੍ਹਾਂ ਦੇ ਟੋਟੇ-ਟੋਟੇ ਕਰ ਦਿੱਤੇ ਤੇ ਕੇਵਲ ਉਨ੍ਹਾਂ ਵਿੱਚੋਂ ਵੱਡੀ (ਮੂਰਤੀ) ਨੂੰ ਛੱਡ ਦਿੱਤਾ ਤਾਂ ਜੋ ਸ਼ਾਇਦ ਉਹ (ਕੋਮਦੇ ਲੋਕ)ਉਸ ਵੱਲ ਪਰਤ ਕੇ ਆਉਣ (58)(ਉਨ੍ਹਾਂ ਨੇ ਆ ਕੇ ਮੂਰਤੀਆ ਦਾ ਇਹ ਹਾਲ ਵਿਖਿਆ ਤਾਂ) ਆਖਣ ਲੱਗੇ ਸਾਡੇ ਇਸ਼ਟਾਂ ਦਾ ਇਹ ਹਾਲ ਕਿਸ ਨੇ ਕਰ ਦਿੱਤਾ? ਵੱਡਾ ਹੀ ਕੋਈ ਜ਼ਾਲਿਮ ਸੀ ਉਹ(59) ਕੁਝ ਲੋਕ ਆਖਣ ਲੱਗੇ ਅਸਾਂ ਇੱਕ ਨੌਜਵਾਨ ਨੂੰ ਇਨ੍ਹਾਂ ਦੀ ਚਰਚਾ ਕਰਦੇ ਸੁਣਿਆ ਸੀ ਜਿਸ ਦਾ ਨਾਂ ਇਬਰਾਹੀਮ (ਅਲੈ.)ਹੈ(60)ਉਨ੍ਹਾਂ ਨੇ ਆਖਿਆ ਤਾਂ ਫੜ ਲਿਆਓ ਉਸ ਨੂੰ ਸਾਰਿਆਂ ਦੇ ਸਾਹਮਣੇ ਤਾਂ ਜੋ ਲੋਕੀ ਵੇਖ ਲੈਣ (ਕਿ ਉਸ ਦੀ ਕਿਹੋ ਜਿਹੀ ਖ਼ਬਰ ਲਈ ਜਾਂਦੀ ਹੈ)(61)(ਇਬਰਾਹੀਮ (ਅਲੈ. ਦੇ ਆਉਣ ’ਤੇ)ਉਨ੍ਹਾਂ ਨੇ ਪੁੱਛਿਆ ਕਿਉਂ ਇਬਰਾਹੀਮ(ਅਲੈ.)ਤੂੰ ਸਾਡੇ ਇਸ਼ਟਾਂ ਨਾਲ ਇਹ ਹਰਕਤ ਕੀਤੀ ਹੈ?(62) ਉਸ (ਇਬਰਾਹੀਮ (ਅਲੈ.)ਨੇ ਉੱਤਰ ਦਿੱਤਾ ਸਗੋਂ ਇਹ ਸਾਰਾ ਕੁਝ ਇਨ੍ਹਾਂ ਵਿਚੋਂ ਇਸ ਵੱਡੀ ਮੂਰਤੀ ਨੇ ਕੀਤਾ ਹੈ ਇਨ੍ਹਾਂ ਤੋਂ ਪੀ ਪੁੱਛ ਲਵੋ ਜੇ ਇਹ ਬੋਲਦੀਆਂ ਹੋਣ(63)ਇਹ ਸੁਣ ਕੇ ਉਹ ਆਪਣੀ ਅੰਦਰ ਵਾਲੀ ਆਤਮਾ ਵੱਲ ਪਰਤੇ ’ਤੇ (ਆਪਣੇ ਮੰਨ ਵਿੱਚ)ਆਖਣ ਲੱਗੈ ਸੱਚ-ਮੁੱਚ ਆਪ ਹੀ ਜ਼ਾਲਿਮ ਹੋਂ(64)ਫੇਰ (ਸ਼ਰਮਿੰਦਗੀ ਦੇ ਮਾਰੇ) ਆਪਣੇ ਸਿਰਾਂ ਨੂੰ ਝੁਕਾ ਲਿਆ (ਅਤੇ ਕਹਿਣ ਲੱਗੇ)ਇਹ ਤਾਂ ਤੈਨੂੰ ਵੀ ਪਤਾ ਹੈ ਕਿ ਇਹ ਬੋਲਦੇ,ਚਲਦੇ ਨਹੀਂ ਹਨ (65) (ਇਬਰਾਹੀਮ (ਅਲੈ.)ਨੇ ਕਿਹਾ ਕਿ ਤੁਸੀਂ ਅੱਲਾਹ ਨੂੰ ਛੱਡ ਕੇ ਉਨ੍ਹਾਂ ਦਾ ਪੂਜਾ ਕਰ ਦੇ ਹੋ ਜੋ ਨਾ ਤੁਹਾਨੂੰ ਕੁਝ ਲਾਭ ਦੇ ਸਕਦੇ ਹਨ ਨਾ ਹੀ ਹਾਨੀ ?(66)ਅਫ਼ਸੋਸ ਹੈ ਤੁਸਾਂ ’ਤੇ (ਭਾਵ ਤੁਹਾਡੀਆਂ ਅਕਲਾਂ ਤੇ) ਅਤੇ ਉਨ੍ਹਾਂ ਉੱਤੇ ਜਿਨ੍ਹਾਂ ਦੀ ਪੂਜਾ ਤੁਸੀਂ ਅੱਲਾਹ ਨੂੰ ਛੱਡ ਕੇ ਕਰਦੇ ਹੋ ਤੁਹਾਨੂੰ ਕੁਝ ਵੀ ਅਕਲ ਨਹੀਂ? (67) (ਆਪਸ ਵਿੱਚ ਕਹਿਣ ਲੱਗੇ) ਕਿ ਉਸ ਨੂੰ ਜਲਾ ਦਿਓ ਅਤੇ ਆਪਣੇ ਇਸ਼ਟਾਂ ਦੀ ਮੱਦਦ ਕਰੋ ਜੇਕਰ ਤੁਹਾਨੂੰ ਕੁਝ ਕਰਨਾ ਹੀ ਹੈ (68) (ਜਦੋਂ ਇਬਰਾਹੀਮ ਨੂੰ (ਅਲੈ.)ਅੱਗ ਵਿੱਚ ਸੁੱਟ ਦਿੱਤਾ) ਅਸਾਂ ਕਿਹਾ (ਭਵ

ਅੱਲਾਹ ਨੇ) ਕਿ ਐ ਅੱਗ! ਤੂੰ ਠੰਡੀ ਹੋਜਾ ਅਤੇ ਇਬਰਾਹੀਮ (ਅਲੈ.)ਲਈ ਸਲਾਮਤੀ ਵਾਲੀ ਬਣ ਜਾ (69)ਉਨ੍ਹਾਂ ਨੇ ਇਬਰਾਹੀਮ (ਅਲੈ.)ਨਾਲ ਬੁਰਾ ਕਰਨਾ ਚਾਹਿਆ ਪਰ ਅਸੀਂ (ਅੱਲਾਹ ਨੇ)ਉਨ੍ਹਾਂ ਨੂੰ ਹੀ ਘਾਟੇ ਵਿੱਚ ਪਾ ਦਿੱਤਾ (ਅਸਫ਼ਲ ਕਰ ਦਿੱਤਾ) (70)" (ਸੂਰਤ ਅਲ ਅੰਬਿਆ, ਆਇਤ 52ਤੋਂ 70)

## ਕੇਵਲ ਅੱਲਾਹ ਹੀ ਸੱਚਾ ਇਸ਼ਟ ਹੈ ਜਿਸ ਦੀ ਇਬਾਦਤ (ਪੂਜਾ)ਕੀਤੀ ਜਾਵੇ, ਨਾ ਕਿ ਕਿਸੇ ਹੋਰ ਦੀ:

"ਸਾਰੀਆਂ ਤਾਰੀਫ਼ਾਂ ਅੱਲਾਹ ਦੇ ਲਈ ਹਨ ਜਿਸ ਨੇ ਧਰਤੀ ਅਤੇ ਆਕਾਸ਼ ਸਾਜੇ, ਹਨੇਰਿਆਂ ਨੂੰ ਅਤੇ ਰੌਸ਼ਨੀ (ਨੂਰ)ਨੂੰ ਬਣਾਇਆ, ਫੇਰ ਵੀ ਕਾਫ਼ਿਰ ਲੋਕ (ਹੋਰਾਂ ਨੂੰ)ਆਪਣੇ ਪਾਲਣਹਾਰ ਦੇ ਬਰਾਬਰ ਦਰਜਾ ਦਿੰਦੇ ਹਨ ।" (ਸੂਰਤ ਅਨਆਮ, ਆਇਤ ਨੰ.1)

ਕੁਰਆਨ ਦੀ ਇਸ ਆਇਤ ਵਿੱਚ ਦੱਸਿਆ ਜਾਂਦਾ ਹੈ ਕਿ ਸਾਰੀਆਂ ਵੱਡਿਆਇਆਂ ਕੇਵਲ ਅੱਲਾਹ ਲਈ ਹਨ ਜਿਸ ਨੇ ਇਸ ਸੰਸਾਰ ਨੂੰ ਸਾਜਿਆਂ ਹੈ । ਜਿਸ ਨੇ ਹਨੇਰੇ ਅਤੇ ਚਾਨਣ (ਰੋਸ਼ਨੀ)ਬਣਾਏ,ਜਿਸ ਨੇ ਸਭ ਕੁਝ ਕੀਤਾ ਤਾਂ ਪ੍ਰਸ਼ੰਸਾ ਵੀ ਕੇਵਲ ਉਸੀ ਦੀ ਹੋਣੀ ਚਾਹੀਦੀ ਹੈ ਪਰ ਲੋਕਾਂ ਦੀਆਂ ਅਕਲਾਂ ਨੂੰ ਕੀ ਹੋ ਗਿਆ ।ਉਹ ਅੱਲਾਹ ਦੀ ਬਰਾਬਰੀ ਹੋਰਾਂ ਦੇ ਨਾਲ ਕਰਦ ਹਨ ।ਇੱਕ ਪਾਸੇ ਉਹ ਹਸਤੀ ਹੈ ਜਿਸ ਨੇ ਸਭ ਕੁਝ ਬਣਾਇਆਂ ਅਤੇ ਦੂਜੇ ਪਾਸੇ ਉਹ ਸਾਰੀਆਂ ਹਸਤੀਆਂ ਹਨ ਜਿਨ੍ਹਾਂ ਨੇ ਕੁਝ ਵੀ ਨਹੀਂ ਬਣਾਇਆ, ਬਣਾਉਣਾ ਤਾਂ ਬਹੁਤ ਦੂਰ ਦੀ ਗੱਲ ਹੈ ਉਹ ਤਾਂ ਆਪ ਰੱਬ ਦੀਆਂ ਬਣਾਇਆਂ ਹੋਈਆਂ ਹਨ ਤਾਂ ਫੇਰ ਇਹ ਉਸ ਰਬ ਦੀ ਬਰਾਬਰੀ ਕਿਵੇਂ ਕਰ ਸਕਦੀਆਂ ਹਨ ।ਇਹ ਗੱਲ ਕਿਵੇਂ ਕਹੀ ਜਾ ਸਕਦੀ ਹੈ ਕਿ ਜਿਸ ਦੀ ਚਾਹੋ ਪੂਜਾ ਕਰ ਲਵੋ ਸਭ ਇੱਕ ਸਮਾਨ ਹਨ, ਸਭ ਉਸ

ਦਾ ਰੂਪ ਹਨ ਜਦ ਕਿ ਉਸ ਦਾ ਕੋਈ ਰੂਪ ਨਹੀਂ ਹੈ ।ਉਸ ਵਰਗਾ ਕੋਈ ਹੋਰ ਨਹੀਂ ਹੈ। ਇਹ ਗੱਲ ਕਿਵੇ ਕਹੀ ਜਾ ਸਕਦੀ ਹੈ ਕਿ ਸਭ ਇੱਕ ਥਾਂ ਆ ਕੇ ਮਿਲਦੇ ਹਨ। ਜਿਸ ਰਾਹ ਨੂੰ ਮਰਜ਼ੀ ਚਾਹੋ ਤੁਰ ਪਓ, ਸਭਾਂ ਦੀ ਇੱਕ ਹੀ ਮੰਜ਼ਿਲ ਹੈ ।ਕੁਰਆਨ ਕੁਝ ਉਦਾਹਰਣਾਂ ਬਿਆਨ ਕਰਦਾ ਹੈ :

"ਕੀ ਅਜਿਹਿਆਂ ਨੂੰ ਸਾਂਝੀਦਾਰ ਬਣਾਉਦੇ ਹਨ ਜਿਹੜੇ ਕਿਸੇ ਚੀਜ਼ ਨੂੰ ਪੈਦਾ ਨਾ ਕਰ ਸਕਣ,ਉਹ ਤਾਂ ਆਪ ਹੀ ਪੈਦਾ ਕੀਤੇ ਹੋਵੇ ਹਨ।" (ਸੂਰਤ ਅਲ ਆਰਾਫ, ਆਇਤ 191)

"ਤਾਂ ਕੀ ਉਹ ਜਿਹੜਾ ਪੈਦਾ ਕਰਦਾ ਹੈ ਉਸ ਵਰਗਾ ਹੈ ਜਿਹੜਾ ਪੈਦਾ ਨਹੀਂ ਕਰ ਸਕਦਾ? ਕੀ ਤੁਸੀਂ ਜ਼ਰਾ ਵੀ ਨਹੀਂ ਸੋਚਦੇ।" (ਸੂਰਤ ਅਲ -ਨਹਲ,ਆਇਤ 17)

"ਅੰਨ੍ਹਾ ਅਤੇ ਵੇਖਣ ਵਾਲਾ ਬਰਾਬਰ ਨਹੀਂ, ਨਾ ਉਹ ਲੋਕੀ ਜਿਹੜੇ (ਅੱਲਾਹ ਉੱਤੇ)ਈਮਾਨ ਲਿਆਏ ਅਤੇ ਭਲੇ ਕੰਮ ਕੀਤੇ, ਬਦਕਾਰਾਂ ਦੇ(ਬਰਾਬਰ)ਨਹੀਂ। ਤੁਸੀਂ (ਬਹੁਤ)ਘੱਟ ਨਸੀਹਤ ਹਾਸਲ ਕਰਦੇ ਹੋਂ।" (ਸੂਰਤ ਅਲ –ਮੋਮਿਨ, ਆਇਤ 58)

"ਅਤੇ ਅੰਨ੍ਹਾ ਅਤੇ ਅੱਖਾਂ ਵਾਲਾ ਬਰਾਬਰ ਨਹੀਂ (19)ਅਤੇ ਨਾ ਹਨੇਰਾ ਅਤੇ ਚਾਨਣ(ਰੋਸ਼ਨੀ)(20)ਅਤੇ ਨਾ ਛਾਂ ਅਤੇ ਧੁੱਪ(21) ਅਤੇ ਜਿਉਂਦੇ ਅਤੇ ਮੁਰਦੇ ਬਰਾਬਰ ਨਹੀਂ ਹੋ ਸਕਦੇ। ਅੱਲਾਹ ਤਆਲਾ ਜਿਸ ਨੂੰ ਚਾਹਵੇ ਸੁਣਾ ਦਿੰਦਾ ਹੈ ਅਤੇ ਤੁਸੀਂ ਉਨ੍ਹਾਂ ਲੋਕਾਂ ਨੂੰ ਨਹੀਂ ਸੁਣਾਂ ਸਕਦੇ ਜਿਹੜੇ ਕਬਰਾਂ ਦੇ ਹੇਠ ਹਨ(22)" (ਸੂਰਤ ਫਾਤਿਰ, ਆਇਤ ਨੰ. 19ਤੋਂ 22)

"ਐ ਨਬੀ! ਕਹਿ ਦਿਓ ਦੱਸੋ ਤਾਂ ਭਲਾ ਗਿਆਨ ਰੱਖਣ ਵਾਲੇ ਅਤੇ ਜਿਨ੍ਹਾਂ ਕੋਲ ਗਿਆਨ ਨਹੀਂ ਹੈ ਕੀ ਬਰਾਬਰ ਦੇ ਹਨ?ਯਕੀਨਨ ਨਸੀਹਤ ਉਹੀ ਲੋਕ ਕਬੂਲ ਕਰਦੇ ਹਨ ਜਿਹੜੇ ਅਕਲ ਮੰਦ ਹੋਣ ।" (ਸੂਰਤ ਫਾਤਿਰ,ਆਇਤ 9)

“ਐ ਪੈਗ਼ੰਬਰ! ਇਨ੍ਹਾਂ ਨੂੰ ਆਖ ਦਿਓ ਕਿ ਪਵਿੱਤਰ ਤੇ ਅਪਵਿੱਤਰ ਬਰਾਬਰ ਨਹੀਂ ਹਨ, ਭਾਵੇ ਕਿ ਪਵਿੱਤਰ ਦੀ ਬਹੁਤਾਤ (ਜ਼ਿਆਦਾ ਗਿਣਤੀ)ਭਲੀ ਲੱਗਦੀ ਹੋਵੇ, ਅੱਲਾਹ ਤੋਂ ਡਰਦੇ ਰਹੋ ਐ ਅਕਲ ਵਾਲਿਓ ।” (ਸੂਰਤ ਮਾਇਦਾ, ਆਇਤ 100)

ਕੁਰਆਨ ਦੀਆਂ ਇਹ ਆਇਤਾਂ ਉਹ ਹਨ ਜਿਹੜੀਆਂ ਕਿ ਅਕਲੀ ਦਲੀਲ ਵੱਜੋਂ ਪੇਸ਼ ਕੀਤੀਆਂ ਜਾਂਦੀਆਂ ਹਨ ਅਤੇ ਜਿਹੜੀਆਂ ਦਸਦੀਆਂ ਹਨ ਕਿ ਅੱਲਾਹ ਦੇ ਬਰਾਬਰ ਦਾ ਕੋਈ ਨਹੀਂ ਹੈ । ਅੱਲਾਹ ਆਪਣੇ ਆਪ ਵਿੱਚ ਵੀ ਇਕੱਲਾ ਹੈ ਅਤੇ ਆਪਣੀਆਂ ਸਿਫ਼ਤਾਂ (ਖੂਬੀਆਂ) ਵਿੱਚ ਵੀ। ਉਸ ਜਿਹਾ ਕੋਈ ਹੋਰ ਨਹੀਂ।

ਕੁਰਆਨ ਦੀਆਂ ਇਹ ਆਇਤਾਂ ਦੱਸਦੀਆਂ ਹਨ ਕਿ ਹੱਕ ਅਤੇ ਨਾ ਹੱਕ ਬਰਾਬਰ ਨਹੀਂ ਹੁਣ ਕੁਰਆਨ ਦੀਆਂ ਉਹ ਆਇਤਾਂ ਪੈਸ਼ ਕੀਤੀਆਂ ਜਾਣਗੀਆਂ ਜਿਹੜੀਆਂ ਅਕਲੀ ਦਲੀਲ ਦੇ ਨਾਲ ਸਿੱਧ ਕਰਦੀਆਂ ਹਨ ਕਿ ਅੱਲਾਹ ਹੀ ਕੇਵਲ ਸੱਚਾ ਇਸ਼ਟ ਹੈ ਜਿਸ ਦੀ ਬੰਦਗੀ ਅਤੇ ਇਬਾਦਤ ਕੀਤੀ ਜਾਵੇ ਨਜ਼ਰ ਨਿਆਜ਼ ਕੇਵਲ ਅੱਲਾਹ ਲਈ ਹੋਵੇ ।ਕੁਰਆਨ ਦੀਆਂ ਆਇਤਾਂ ਕੁਝ ਇਸ ਪ੍ਰਕਾਰ ਦੀਆਂ ਹਨ ਗੋਰ ਨਾਲ ਪੜ੍ਹੋ ਤੇ ਸਮਝਣ ਦੀ ਕੋਸ਼ਿਸ਼ ਕਰੋ:

“ਅੱਲਾਹ ਨੇ ਆਪਣੀ ਕੋਈ ਸੰਤਾਨ ਨਹੀਂ ਬਣਾਈ ਅਤੇ ਨਾ ਕੋਈ ਉਸ ਜਿਹਾ ਦੂਜਾ ਇਸ਼ਟ ਹੈ, ਜੇਕਰ ਅਜਿਹਾ ਹੁੰਦਾ ਤਾਂ ਹਰ ਇਸ਼ਟ ਆਪਣੀਆਂ ਪੈਦਾ ਕੀਤੀਆਂ ਹੋਇਆ ਚੀਜ਼ਾ (ਮਖ਼ਲੂਕ) ਨੂੰ ਲੈ ਕੇ ਅਲੱਗ ਹੋ ਜਾਂਦਾ ਅਤੇ ਅਤੇ ਉਨ੍ਹਾਂ ਵਿੱਚੋਂ ਹਰੇਕ ਇੱਕ ਦੂਜੇ ਉਤੇ ਚੜ੍ਹ ਬੈਠਦਾ ।ਅੱਲਾਹ ਇਨ੍ਹਾਂ ਸਾਰੀਆਂ ਕਮੀਆਂ ਅਤੇ ਖ਼ਾਮੀਆਂ ਤੋਂ ਪਵਿੱਤਰ ਹੈ। ਜਿਨ੍ਹਾਂ ਨੂੰ ਲੋਕ ਅੱਲਾਹ ਨਾਲ ਜੋੜਦੇ ਹਨ।”(ਸੂਰਤ ਅਲ ਮੋਮਨੂਨ,ਆਇਤ 91)

ਕੁਰਆਨ ਦੀ ਇਹ ਆਇਤ ਦੱਸਦੀ ਹੈ ਕਿ ਅੱਲਾਹ ਦੀ ਕੋਈ ਔਲਾਦ ਨਹੀਂ ਹੈ ਅਤੇ ਨਾ ਹੀ ਉਸ ਨੇ ਕੋਈ ਆਪਣਾ ਦੂਜਾ ਸਾਂਝੀਦਾਰ ਬਣਾਇਆ ਹੈ। ਜੇਕਰ ਇੰਜ ਹੁੰਦਾ ਕਿ ਅੱਲਾਹ ਜਿਹਾ ਕੋਈ ਦੂਜਾ ਹੈ ਤਾਂ ਹਰ ਇਸ਼ਟ ਆਪਣੀਆਂ ਬਣਾਈਆ ਹੋਇਆਂ ਚੀਜ਼ਾ

ਵਿੱਚ ਆਪਣੀ ਮਰਜ਼ੀ ਨਾਲ ਹੇਰ-ਫੇਰ ਕਰਦਾ ।ਜਿਸ ਦਾ ਨਤੀਜਾ ਇਹ ਹੁੰਦਾ ਕਿ ਸਰਿਸ਼ਟੀ ਦਾ ਸਿਸਟਮ ਸਾਂਭਣ ਲਈ ਉਨ੍ਹਾਂ ਵਿਚਕਾਰ ਟਕਰਾਓ ਹੁੰਦਾ ।ਪਰ ਮਾਮਲਾ ਇਸ ਦੇ ਉਲਟ ਹੈ ।ਪੂਰੀ ਸਰਿਸ਼ਟੀ ਦਾ ਸਿਸਟਮ ਬਹੁਤ ਹੀ ਵਧੀਆ ਢੰਗ ਨਾਲ ਚੱਲ ਰਿਹਾ ਹੈ ਅਤੇ ਹਰ ਚੀਜ਼ ਇੱਕ ਦੂਜੇ ਨਾਲ ਜੁੜੀ ਹੋਈ ਹੈ ।ਜੇਕਰ ਅੱਲਾਹ ਦੇ ਨਾਲ ਕੋਈ ਹੋਰ ਇਸ਼ਟ ਹੁੰਦਾ ਤਾਂ ਦੋਵੇਂ ਇੱਕ ਦੂਜੇ ਨੂੰ ਜਿੱਤਣ ਦੀ ਅਤੇ ਨੀਵਾਂ ਕਰਨ ਦੀ ਕੋਸ਼ਿਸ਼ ਕਰਦੇ।ਜਿਵੇਂ ਕਿ ਕੁਰਆਨ ਆਖਦਾ ਹੈ:

"ਐ ਨਬੀ ! ਆਖ ਦਿਓ ਕਿ ਭਲਾ ਜੇਕਰ ਅੱਲਾਹ ਤਆਲਾ ਤੁਹਾਡੇ ਉਤੇ ਕਿਆਮਤ ਤੱਕ ਰਾਤ ਹੀ ਰਾਤ ਬਰਾਬਰ ਕਰ ਦੇਵੇ ਤਾਂ ਅੱਲਾਹ ਤੋਂ ਛੁਟ ਕਿਹੜਾ ਇਸ਼ਟ ਹੈ ਜਿਹੜਾ ਦਿਨ ਦੀ ਰੌਸ਼ਨੀ ਲੈ ਆਵੇ? ਕੀ ਤੁਸੀਂ ਸੁਣਦੇ ਨਹੀਂ ?(ਇਨ੍ਹਾਂ ਤੋਂ)ਪੁੱਛੋ! ਕਿ ਕਿਆਮਤ ਤੱਕ ਲਗਾਤਾਰ ਦਿਨ ਹੀ ਦਿਨ ਰੱਖੇ ਤਾਂ ਭਲਾ ਅੱਲਾਹ ਤੋਂ ਛੁੱਟ ਕੋਈ ਹੋਰ ਇਸ਼ਟ ਹੈ ਜਿਹੜਾ ਤੁਹਾਡੇ ਕੋਲ ਰਾਤ ਲਿਆਵੇ ਜਿਸ ਵਿੱਚ ਤੁਸੀਂ ਆਰਾਮ ਪ੍ਰਾਪਤ ਕਰੋ ਕੀ ਤੁਸੀਂ ਦੇਖਦੇ ਨਹੀਂ?" (ਸੂਰਤ ਅਲ ਕਸਸ,ਆਇਤ 71,72)

## ਸੁਣੀ ਅਣ ਸੁਣੀ ਨਾ ਕਰੋ :

ਕੁਰਆਨ ਦੀਆਂ ਉਪ੍ਰੋਕਤ ਦਿੱਤੀ ਆਇਤਾਂ ਵਿੱਚ ਅੱਲਾਹ ਦਾ ਆਪਣੇ ਬੰਦਿਆਂ 'ਤੇ ਅਹਿਸਾਨ ਹੈ ਕਿ ਉਨ੍ਹਾ ਦੀ ਕੋਸ਼ਿਸ਼ ਤੋਂ ਬਿਨ੍ਹਾਂ ਹੀ ਦਿਨ ਅਤੇ ਰਾਤ ਬਰਾਬਰ ਇੱਕ ਦੂਜੇ ਦੇ ਪਿੱਛੇ ਆ ਜਾ ਰਹੇ ਹਨ ।ਜੇਕਰ ਰਾਤ ਹੀ ਰਹੇ ਤਾਂ ਇਨਸਾਨ ਅੱਕ ਜਾਵੇਗਾ ਉਸ ਦੇ ਕੰਮ ਰੁਕ ਜਾਣਗੇ ।ਜੀਵਨ ਦੀਆਂ ਸਾਰੀਆਂ ਗਤੀ ਵਿਧੀਆਂ ਖ਼ਰਾਬ ਹੋ ਜਾਣਗੀਆਂ, ਆਰਾਮ ਤੇ ਸਕੂਨ ਖ਼ਤਮ ਹੋ ਜਾਵੇਗਾ ।

ਰੱਬ ਸੱਚਾ ਕੁਰਆਨ ਵਿੱਚ ਇੱਕ ਦੂਜੀ ਥਾਂ ਆਖਦਾ ਹੈ ।

"ਅਤੇ ਅਸੀਂ ਤੁਹਾਡੀ ਨੀਂਦ ਨੂੰ ਆਰਾਮ ਦਾ ਸਾਧਨ ਬਣਾਇਆ ਅਤੇ ਦਿਨ ਨੂੰ ਖਾਣ ਕਮਾਉਣ ਦਾ ਵੇਲਾ ਬਣਾਇਆ।" (ਸੂਰਤ ਅਨ-ਨਬਾ, ਆਇਤ9ਤੋਂ 11)

ਇਸ ਸਰਿਸ਼ਟੀ ਦਾ ਸਿਸਟਮ ਸਹੀ ਢੰਗ ਨਾਲ ਚਲਾਉਣਾ ਵੀ ਰੱਬ ਦੀ ਆਪਣੇ ਬੰਦਿਆਂ 'ਤੇ ਬਹੁਤ ਵੱਡੀ ਮਹਿਰ ਅਤੇ ਅਹਿਸਾਨ ਹੈ। ਰੱਬ ਆਪਣੇ ਬੰਦਿਆਂ ਨੂੰ ਚੁਣੌਤੀ ਦਿੰਦਾ ਹੈ ਕਿ ਜੇਕਰ ਉਹ ਇਸ ਸਿਸਟਮ ਨੂੰ ਖ਼ਰਾਬ ਕਰ ਦੇਵੇ, ਕਿਆਮਤ ਤੱਕ ਰਾਤ ਹੀ ਰਾਤ ਜਾਂ ਫੇਰ ਦਿਨ ਹੀ ਦਿਨ ਰਹੇ ਤਾਂ ਫੇਰ ਕੀ ਕੋਈ ਹੋਰ ਇਸ਼ਟ ਹੈ ਜਿਹੜਾ ਕਿ ਇਸ ਨੂੰ ਬਦਲ ਸਕੇ ।ਜੇਕਰ ਕੋਈ ਨਹੀਂ ਹੈ ਤਾਂ ਅੱਲਾਹ ਹੀ ਸੱਚਾ ਰੱਬ ਅਤੇ ਇਸ਼ਟ ਹੈ ਉਸ ਤੋਂ ਛੁਟ ਕੋਈ ਹੋਰ ਨਹੀਂ ।

"ਐ ਨਬੀ! ਆਖ ਦਿਓ ਕਿ ਇਹ ਦੱਸੋ ਜੇਕਰ ਅੱਲਾਹ ਤਆਲਾ ਤਪਹਾਡੀ ਸੁਨਣ ਅਤੇ ਵੇਖਣ ਦੀ ਸ਼ਕਤੀ ਸਾਰੀ ਦੀ ਸਾਰੀ ਲੈ ਲਵੇ ਅਤੇ ਤੁਹਾਡੇ ਦਿਲਾਂ 'ਤੇ ਮੋਹਰ ਲਾ ਦੇਵੇ ਤਾਂ ਅੱਲਾਹ ਤੋਂ ਛੁਟ ਕੋਈ ਹੋਰ ਇਸ਼ਟ ਹੈ ਜਿਹੜਾ ਕਿ ਤੁਹਾਨੂੰ ਫੇਰ ਤੋਂ ਇਹ ਦੇ ਦੇਵੇ ।ਤੁਸੀਂ ਦੇਖੋ ਤਾਂ ਸਹੀ ਅਸੀਂ ਕਿਸ ਪ੍ਰਕਾਰ ਦਲੀਲਾਂ ਨੂੰ ਵੱਖੋ-ਵੱਖਰੇ ਪੱਖੋ ਪੇਸ਼ ਕਰ ਰਿਹਾ ਹਾਂ ਫੇਰ ਵੀ ਇਹ ਮੂੰਹ ਮੋੜਦੇ ਹਨ।"(ਸੂਰਤ ਅਲ-ਅਨਾਮ, 46)

ਕੁਰਆਨ ਦੀ ਇਸ ਆਇਤ ਵਿੱਚ ਅੱਲਾਹ ਚੈਲੇਂਜ਼ ਕਰ ਰਿਹਾ ਹੈ ਕਿ ਜੇਕਰ ਮਨੁੱਖ ਦੀ ਵੇਖਣ, ਸੁਣਨ ਦੀ ਸ਼ਕਤੀ ਲੈ ਲਈ ਜਾਵੇ ਤਾਂ ਕੀ ਕੋਈ ਹੋਰ ਅਜਿਹਾ ਇਸ਼ਟ ਹੈ ਜਿਹੜਾ ਇਸ ਨੂੰ ਵਾਪਸ ਲਿਆ ਸਕੇ। ਕੋਈ ਹੋਰ ਇਸ਼ਟ ਨਹੀਂ ਹੈ ਤਾਂ ਫੇਰ ਅੱਲਾਹ ਹੀ ਸੱਚਾ ਰੱਬ, ਸੱਚਾ ਇਸ਼ਟ ਹੈ। ਵੱਖੋ-ਵੱਖਰੇ ਪੱਖੋ ਦਲੀਲਾਂ ਪੇਸ਼ ਕਰਨ ਤੋਂ ਭਾਵ ਡਰਾ ਕੇ ਅਤੇ ਖ਼ੁਸ਼ਖ਼ਬਰੀਆਂ ਰਾਹੀਂ ਅਤੇ ਵੱਡੇ-ਵੱਡੇ ਲਾਭ ਦੱਸ ਕੇ ਲੋਕਾਂ ਨੂੰ ਸਮਝਾਇਆਂ ਜਾਂਦਾ ਹੈ ਪਰ ਫੇਰ ਵੀ ਜ਼ਿੱਦੀ ਅਤੇ ਝਗੜਾਲੂ ਬੰਦੇ ਮੂੰਹ ਮੋੜਦੇ ਹਨ। ਜਦੋਂ ਸੱਚ ਜਾਣਦੇ ਹੋਏ ਵੀ ਮਨੁੱਖ ਮੂੰਹ ਮੋੜਦੇ ਹਨ ਤਾਂ ਉਨ੍ਹਾਂ ਦੇ ਦਿਲਾਂ 'ਤੇ ਅੱਲਾਹ ਤਆਲਾ ਮੋਹਰ ਲਗਾ ਦਿੰਦਾ ਹੈ ਭਾਵ

ਫੇਰ ਉਹ ਕਦੇ ਵੀ ਸੱਚ ਨੂੰ ਨਹੀਂ ਸਮਝ ਸਕਦੇ ਉਨ੍ਹਾਂ ਦੇ ਦਿਲ ਪੱਥਰ ਵਾਗੋ ਸਖ਼ਤ ਹੋ ਜਾਂਦੇ ਹਨ ਅਤੇ ਮੋਹਰ ਲਾਉਣ ਤੋਂ ਭਾਵ ਇਹ ਹੈ ਜਿਵੇਂ ਡਾਕ ਨੂੰ ਲਿਫ਼ਾਫ਼ੇ ਵਿੱਚ ਪਾਉਣ ਤੋਂ ਬਾਅਦ ਉਸ 'ਤੇ ਮੋਹਰ ਲਗਾਈ ਜਾਂਦੀ ਹੈ ਜਿਸ ਦਾ ਅਰਥ ਇਹ ਹੁੰਦਾ ਹੈ ਕਿ ਹੁਣ ਇਸ ਲਿਫ਼ਾਫ਼ੇ ਵਿੱਚ ਕੁਝ ਹੋਰ ਨਹੀਂ ਪਾਇਆਂ ਜਾ ਸਕਦਾ ਹੈ ਅਤੇ ਨਾਹੀ ਇਸ ਵਿੱਚੋ ਕੁਝ ਕੱਢਿਆ ਜਾ ਸਕਦਾ ਹੈ ਇਸੇ ਤਰ੍ਹਾਂ ਰੱਬ ਸੱਚਾ ਜ਼ਿੱਦੀ ਅਤੇ ਝਗੜਾਲੂ ਲੋਕਾਂ ਦੇ ਦਿਲਾਂ 'ਤੇ ਮੋਹਰ ਲਗਾ ਦਿੰਦਾ ਹੈ। ਹੁਣ ਇਨ੍ਹਾਂ ਦੇ ਦਿਲਾਂ ਵਿੱਚ ਸੱਚ ਨੂੰ ਦਾਖ਼ਲ ਨਹੀਂ ਕਾਤਾ ਜਾ ਸਕਦਾ ।

ਕਰਆਨ ਕੁਝ ਹੋਰ ਅਕਲੀ ਦਲੀਲਾਂ ਪੈਸ਼ ਕਰਦਾ ਹੈ ਕਿ ਅੱਲਾਹ ਹੀ ਕੇਵਲ ਸੱਚਾ ਰੱਬ ਅਤੇ ਸੱਚਾ ਇਸ਼ਟ ਹੈ, ਉਸ ਤੋਂ ਛੁੱਟ ਕੋਈ ਹੋਰ ਨਹੀਂ ।

"ਚੰਗਾ ਇਹ ਦੱਸੋ ਕਿ ਜਿਸ ਪਾਣੀ ਨੂੰ ਤੁਸੀਂ ਪੀਂਦੇ ਹੋਂ?(68)ਉਸ ਨੂੰ ਬੱਦਲਾਂ ਵਿੱਚੋਂ ਤੁਸੀਂ ਉਤਾਰ ਦੇ ਹੋ ਜਾਂ ਅਸੀਂ ਉਤਾਰਦੇ ਹਾਂ?(69)ਅਸੀਂ ਚਾਹੀਏ ਤਾਂ ਇਸ ਨੂ ਕੌੜਾ ਕੁਸੈਲਾ ਬਣਾਕੇ ਰੱਖ ਦੇਈਏ ਫੇਰ ਕਿਉਂ ਤੁਸੀਂ ਧੰਨਵਾਦੀ ਨਹੀਂ ਹੁੰਦੇ?" (ਸੂਰਤ ਅਲ-ਵਾਕਿਆ,68ਤੋਂ 70)

"ਚੰਗਾ ਫੇਰ ਇਹ, ਤਾਂ ਦੱਸੋ ਜਿਹੜਾ ਵੀਰਜ ਤੁਸੀਂ ਡੇਗਦੇ ਹੋ?(58)ਕੀ ਉਸ ਤੋਂ (ਮਨੁੱਖ)ਤੁਸੀਂ ਬਣਾਉਂਦੇ ਹੋ ਜਾਂ ਪੈਦਾ ਕਰਨ ਵਾਲੇ ਅਸੀਂ ਹਾਂ (59)" (ਸੂਰਤ ਅਲ-ਵਾਕਿਆ, ਆਇਤ 58 ਤੋਂ 59)

"ਚੰਗਾ ਫੇਰ ਇਹ ਵੀ ਦੱਸੋ ਕਿ ਤੁਸੀਂ ਜਿਹੜੇ ਬੀਜ ਬੀਜਦੇ ਹੋ(63)ਉਸ ਨੂੰ ਤੁਸੀਂ ਉਗਾਉਣ ਵਾਲੇ ਹੋ ਜਾਂ ਅਸੀਂ ਉਗਾਉਣ ਵਾਲੇ ਹਾ? (64)ਜੇਕਰ ਅਸੀਂ ਚਾਹੀਏ ਤਾਂ ਉਸ ਨੂੰ ਚੂਰਾ-ਚੂਰਾ ਕਰ ਦੇਈਏ ਤੇ ਤੁਸੀਂ ਹੈਰਾਨ ਹੋ ਕੇ ਗੱਲਾਂ ਕਰਦੇ ਰਹਿ ਜਾਵੋ (65) ਕਿ ਸਾਡੇ 'ਤੇ ਪੁੱਠੀ ਚੱਟੀ ਪੈ ਗਈ (66)ਸਗੋਂ ਸਾਡੇ ਤਾਂ ਭਾਗ ਹੀ ਫੁੱਟੇ ਹੋਵੇ ਹਨ(67)" (ਸੂਰਤ ਅਲ-

ਵਾਕਿਆ,63 ਤੋਂ 67) ਉਹ ਤੁਹਾਨੂੰ ਤੁਹਾਡੀਆਂ ਮਾਂਵਾਂ ਦੇ ਢਿੱਡਾਂ ਵਿੱਚ ਇੱਕ ਬਨਾਵਟ ਦੇ ਮਗਰੋਂ ਦੂਜੀ ਬਨਾਵਟ ਬਣਾਉਂਦਾ ਹੈ। ਤਿੰਨ-ਤਿੰਨ ਹਨੇਰਿਆਂ ਅੰਦਰ ਇਹੀ ਅੱਲਾਹ ਤੁਹਾਡਾ ਰੱਬ ਹੈ। (ਜਿਸ ਦੇ ਇਹ ਸਾਰੇ ਕਾਰਜ ਹਨ) ਉਸੇ ਦੀ ਪਾਤਸ਼ਾਹੀ ਹੈ ।ਉਸ ਤੋਂ ਛੁੱਟ ਕੋਈ ਇਸ਼ਟ ਨਹੀਂ ।ਫੇਰ ਤੁਸੀਂ ਕਿੱਧਰ ਭਟਕੇ ਫਿਰਦੇ ਹੋਂ ।" (ਸੂਰਤ ਅਜ਼-ਜ਼ੁਮਰ, ਆਇਤ 6)

## ਅੱਲਾਹ ਨੂੰ ਆਪਣਾ ਰੱਬ ਮੰਨਣ ਦੇ ਲਾਭ ਅਤੇ ਖ਼ੁਸ਼ਖ਼ਬਰੀਆਂ:

"ਐ ਈਮਾਨ ਲਿਆਉਣ ਵਾਲਿਓ ! ਕੀ ਮੈਂ ਤੁਹਾਨੂੰ ਉਹ ਵਪਾਰ ਦੱਸਾਂ ਜਿਹੜਾ ਤੁਹਾਨੂੰ ਦੁਖ-ਦਾਇਕ ਅਜ਼ਾਬ ਤੋਂ ਬਚਾ ਲਵੇ? (10)ਅੱਲਾਹ ਤੇ ਉਸ ਦੇ ਰਸੂਲ ਉੱਤੇ ਈਮਾਨ ਲਿਆਉਣ ਅਤੇ ਅੱਲਾਹ ਦੀ ਰਾਹ ਵਿੱਚ ਆਪਣੇ ਧੰਨ ਅਤੇ ਆਪਣੀਆਂ ਜਾਨਾਂ ਨਾਲ ਜਿਹਾਦ ਕਰੋ ।ਇਹ ਤੁਹਾਡੇ ਲਈ ਚੰਗਾ ਹੈ ਜੇ ਤੁਸੀਂ ਸਮਝੋਂ (11)ਅੱਲਾਹ ਤੁਹਾਡੇ ਗੁਨਾਹਾਂ ਨੂੰ ਬਖ਼ਸ਼ ਦੇਵੇਗਾ,ਤੁਹਾਨੂੰ ਅਜਿਹੇ ਬਾਗਾਂ ਵਿੱਚ ਪਹੁੰਚਾਵੇਗਾ ਜਿਨ੍ਹਾਂ ਹੇਠ ਨਹਿਰਾਂ ਵਾਗਦੀਆਂ ਹੋਣਗੀਆਂ ਅਤੇ ਪਵਿੱਤਰ (ਸਾਫ਼ ਸੁੱਥਰੇ)ਘਰਾਂ ਵਿੱਚ ਜਿਹੜੇ ਸਦਾ ਦੀ ਜੰਨਤ ਵਿੱਚ ਹੋਣਗੇ ਇਹ ਬਹੁਤ ਵੱਡੀ ਸਫ਼ਲਤਾ ਹੈ(12)ਅਤੇ ਉਹ ਦੂਜੀ ਚੀਜ਼ ਜਿਹੜੀ ਤੁਸੀਂ ਚਾਹੁੰਦੇ ਹੋ, ਉਹ ਅੱਲਾਹ ਦੀ ਸਹਾਇਤਾ ਅਤੇ ਛੇਤੀ ਹੋਣ ਵਾਲੀ ਜਿੱਤ ਹੈ, ਐ ਨਬੀ! ਈਮਾਨ ਵਾਲਿਆਂ ਨੂੰ ਇਸ ਦੀ ਖ਼ੁਸ਼ਖ਼ਰੀ ਸੁਣਾ ਦਿਓ (13)" (ਸੂਰਤ ਅਸ-ਸਫ਼, 10ਤੋਂ 13)

ਕੁਰਆਨ ਦੀਆਂ ਇਨ੍ਹਾਂ ਆਇਤਾਂ ਵਿੱਚ ਅੱਲਾਹ ਤਆਲਾ ਨੇ ਈਮਾਨ ਲਿਆਉਣ ਵਾਲਿਆਂ ਨੂੰ ਖ਼ੁਸ਼ਖ਼ਬਰੀਆਂ ਦਿੱਤੀਆਂ ਹਨ। ਇਹ ਖ਼ੁਸ਼ਖ਼ਬਰੀਆਂ ਅਤੇ ਲਾਭ ਉਨ੍ਹਾਂ ਲਈ ਹਨ ਜਿਹੜੇ ਕਿ ਅੱਲਾਹ ਨੂੰ ਆਪਣਾ ਇਸ਼ਟ ਅਤੇ ਆਪਣਾ ਰੱਬ ਮੰਨ ਲੈਂਦੇ ਹਨ ।

ਕੁਰਆਨ ਦੀਆਂ ਇਹ ਆਇਤਾਂ ਦੋ ਖ਼ੁਸ਼ਖ਼ਬਰੀਆਂ ਅਤੇ ਲਾਭ ਦੱਸਦੀਆਂ ਹਨ।ਸੱਭ ਤੋਂ ਵੱਡੀ ਖ਼ੁਸ਼ਖ਼ਬਰੀ ਤਾਂ ਨਰਕ ਦੀ ਅੱਗ ਦੇ ਦੁੱਖਦਾਇਕ ਅਜ਼ਾਬ ਤੋਂ ਛੁਟਕਾਰਾ ਹੈ।ਨਰਕ ਦੀ ਅੱਗ ਆਮ ਦੁਨੀਆਂ ਦੀ ਅੱਗ ਵਰਗੀ ਨਹੀਂ ਹੈ ਹਦੀਸ ਵਿੱਚ ਇਸ ਅੱਗ ਦੇ ਬਾਰੇ ਦੱਸਿਆਂ ਜਾਦਾ ਹੈ ਕਿ ਨਰਕ ਦੀ ਅੱਗ ਇੰਨੀ ਜ਼ਿਆਦਾ ਤੇਜ਼ ਹੈ ਕਿ ਦੁਨੀਆਂ ਦੀ ਜਿਹੜੀ ਅੱਗ ਸਭ ਤੋਂ ਵੱਧ ਤੇਜ਼ ਹੈ ਉਹ ਅੱਗ ਨਰਕ ਦੀ ਅੱਗ ਦੇ ਮੁਕਾਬਲੇ (70)ਸੱਤਰ ਪਾਣੀਆਂ ਵਿੱਚੋਂ ਬੁਝਾ ਕੇ ਭੇਜੀ ਗਈ ਹੈ ।ਹੁਣ ਅਸੀਂ ਹਿਸਾਬ ਲਗਾ ਸਕਦੇ ਹਾਂ ਕਿ ਮਨੁੱਖ ਦਾ ਇਸ ਅੱਗ ਵਿੱਚ ਕੀ ਬਣੇਗਾ ?

ਕੁਰਆਨ ਨਰਕ ਦੀ ਅੱਗ ਬਾਰੇ ਦੱਸਦਾ ਹੈ ਕਿ ਉਹ ਕਿਸ ਪ੍ਰਕਾਰ ਦੀ ਹੈ:

“ਅਤੇ ਜਿਹੜੇ ਦੁਆ ਕਰਦੇ ਹਨ ਕਿ ਐ ਸਾਡੇ ਰੱਬ! ਸਾਡੇ ਤੋਂ ਨਰਕ ਦਾ ਅਜ਼ਾਬ ਪਰੇ ਹੀ ਪਰੇ ਰੱਖੀਂ ਕਿਉਂਕਿ ਉਸਦਾ ਅਜ਼ਾਬ ਚਿੰਬੜ ਜਾਣ ਵਾਲਾ ਹੈ(65) ਉਹ ਤਾਂ ਵੱਡੀ ਹੀ ਭੈੜੀ ਠਹਿਰਣ ਦੀ ਥਾਂ ਅਤੇ ਠਿਕਾਣਾ ਹੈ (66)” (ਸੂਰਤ ਅਲ-ਫੁਰਕਾਨ, ਆਇਤ 65-66)

ਕੁਰਆਨ ਦੀ ਇਸ ਆਇਤ ਵਿੱਚ ਨਰਕ ਦੀ ਅੱਗ ਦੀ ਜਿਹੜੀ ਵਿਸ਼ੇਸ਼ਤਾ ਦੱਸੀ ਗਈ ਹੈ ਕਿ ਉਹ ਛੱਡਣ ਵਾਲੀ ਨਹੀਂ ਸਗੋਂ ਉਹ ਚਿੰਬੜ ਜਾਂਦੀ ਹੈ ।ਕੁਰਆਨ ਦੂਜੀ ਥਾਂ ਦੱਸ ਦਾ ਹੈ ਕਿ ਨਰਕ ਦਾ ਅਜ਼ਾਬ ਕਿਸ ਪ੍ਰਕਾਰ ਦਾ ਹੈ ਅਤੇ ਇਹ ਅਜ਼ਾਬ ਕੌਣ ਭੋਗੇਗਾ ।

“ਜਿਹੜੇ ਲੋਕਾਂ ਨੇ ਸਾਡੀਆਂ ਆਇਤਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ, ਉਨ੍ਹਾਂ ਨੂੰ ਜ਼ਰੂਰ ਹੀ ਅਸੀਂ ਅੱਗ ਵਿੱਚ ਝੋਕਾਂਗੇ ਅਤੇ ਜਦੋਂ ਉਨ੍ਹਾਂ ਦੇ ਸਰਾਰ ਦੀ ਖੱਲੜੀ ਸੜ ਜਾਵੇਗੀ ਤਾਂ ਉਸ ਦੀ ਥਾਂ ਦੂਜੀ ਖੱਲੜੀ ਪੈਦਾ ਕਰ ਦੇਵਾਂਗੇ ਤਾਂ ਜੋ ਉਹ ਚੰਗੀ ਤਰ੍ਹਾਂ ਅਜ਼ਾਬ ਦਾ ਸੁਆਦ ਚੱਖਣ ।ਬੇ-ਸ਼ੱਕ ਅੱਲਾਹ ਤਆਲਾ ਗ਼ਾਲਿਬ (ਸਭ ਤੇ ਭਾਰੂ)ਅਤੇ ਹਕੀਮ ਹੈ (56)” (ਸੂਰਤ ਅਨ-ਨਿਸਾ, ਆਇਤ 56)

☼ਹਕੀਮ : ਬਹੁਤ ਜ਼ਿਆਦਾ ਸੂਝ ਬੂਝ ਵਾਲਾ,ਜਿਸਦੀ ਸੂਝ ਬੂਝ ਦਾ ਕੋਈ ਅੰਤ ਨਹੀਂ, ਹਕੀਮ ਅੱਲਾਹ ਦਾ ਨਾਂ ਹੈ

ਕੁਰਆਨ ਦੀ ਇਸ ਆਇਤ ਦੱਸਦੀ ਹੈ ਕਿ ਨਰਕ ਦੀ ਅੱਗ ਵਿੱਚ ਮਨੁੱਖਾਂ ਨੂੰ ਕਦੇ ਮੌਤ ਨਹੀਂ ਆਵੇਗੀ ।ਜਦੋਂ ਉਹ ਮਰਨ ਦੇ ਨੇੜੇ ਹੋਣਗੇ ਤਾਂ ਉਨ੍ਹਾਂ ਦੀਆਂ ਹੱਡੀਆਂ ਤੋਂ ਮਾਸ ਬਦਲ ਦਿੱਤਾ ਜਾਵੇਗਾ ਭਾਵ ਨਵਾਂ ਮਾਸ ਝੜਾ ਦਿੱਤਾ ਜਾਵੇਗਾ ਉਹ ਹਮੇਸ਼ਾ ਹਮੇਸ਼ਾ ਲਈ ਇਸੇ ਪ੍ਰਕਾਰ ਜਲਦੇ ਸੜਦੇ ਰਹਿਣਗੇ।

ਕੁਰਆਨ ਦੀਆਂ ਇਨ੍ਹਾਂ ਦੋ ਆਇਤਾਂ ਤੋਂ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਨਰਕ ਦਾ ਅਜ਼ਾਬ ਕੀ ਚੀਜ਼ ਹੈ ?ਅਤੇ ਇਸ ਤੋਂ ਛੁੱਟਕਾਰਾ ਕਿੰਨੀ ਵੱਡੀ ਕਾਮਯਾਬੀ ਹੈ। ਇਹ ਲਾਭ ਵੀ ਉਨ੍ਹਾਂ ਨੂੰ ਹੀ ਪ੍ਰਾਪਤ ਹੋਵੇਗਾ ਜਿਹੜੇ ਅੱਲਾਹ 'ਤੇ ਈਮਾਨ ਲਿਆਉਣਗੇ। ਅਸੀਂ ਮੁੜ ਆਪਣੇ ਪਹਿਲੇ ਵਿਸ਼ੇ ਵੱਲ ਆਉਂਦੇ ਹਾ ਕਿ ਅੱਲਾਹ ਨੂੰ ਆਪਣਾ ਰੱਬ, ਆਪਣਾ ਇਸ਼ਟ ਮੰਨਣ ਦਾ ਕਿੰਨਾ ਵੱਡਾ ਲਾਭ ਹੈ ।

ਸੰਸਾਰਕ ਜੀਵਨ ਤਾਂ ਕੁਝ ਵੀ ਨਹੀਂ ਹੈ ਇਹ ਤਾਂ ਕਿਵੇਂ ਨਾ ਕਿਵੇਂ ਔਖ-ਸੌਖੇ ਲੰਘ ਹੀ ਜਾਵੇਗਾ। ਅਸਲ ਜੀਵਨ ਤਾਂ ਮਰਨ ਤੋਂ ਬਾਅਦਾ ਹੀ ਹੈ ਜਿੱਥੇ ਕਦੀ ਵੀ ਮੌਤ ਨਹੀਂ ਆਵੇਗੀ, ਸੁੱਖ ਹੀ ਸੁੱਖ ਹੈ ਜਾਂ ਦੁੱਖ ਹੀ ਦੁੱਖ। ਇਸ ਲਈ ਵੱਡੀ ਕਾਮਯਾਬੀ ਅਤੇ ਲਾਭ ਤਾਂ ਉਸ ਵੇਲੇ ਹੀ ਹੈ ਜਦੋਂ ਮਨੁੱਖ ਦਾ ਦੂਜਾ ਜੀਵਨ ਕਾਮਯਾਬ ਹੋ ਜਾਵੇ ਅਤੇ ਉਸ ਦੀ ਕਾਮਯਾਬੀ ਦਾ ਰਾਜ਼ ਇਹ ਹੈ ਕਿ ਕੇਵਲ ਇੱਕ ਅੱਲਾਹ ਨੂੰ ਆਪਣਾ ਰੱਬ, ਆਪਣਾ ਇਸ਼ਟ ਮੰਨਿਆ ਜਾਵੇ। ਅੱਲਾਹ ਉੱਤੇ ਈਮਾਨ ਲਿਆਉਣ ਦੀ ਦੂਜੀ ਵੱਡੀ ਖ਼ੁਸ਼ਖ਼ਰੀ ਅਤੇ ਲਾਭ ਜਿਵੇਂ ਕਿ ਪਹਿਲਾਂ ਦੱਸਿਆਂ ਜਾ ਚੁਕਿਆ ਹੈ ਕਿ ਕੁਰਆਨ ਦੀ ਇਸ ਆਇਤ ਵਿੱਚ ਵਿਸ਼ੇਸ਼ ਤੌਰ 'ਤੇ ਦੋ ਖ਼ੁਸ਼ਖ਼ਰੀਆਂ ਦਿੱਤੀਆਂ ਗਈਆਂ ਹਨ। ਪਹਿਲੀ ਨਰਕ ਦੇ ਅਜ਼ਾਬ ਤੋਂ ਛੁੱਟਕਾਰਾ ਅਤੇ ਦੂਜੀ ਅੱਲਾਹ ਨੂੰ ਆਪਣਾ ਇਸ਼ਟ ਮੰਨਣ ਤੋਂ ਪਹਿਲਾਂ ਦੇ ਜੀਵਨ ਦੇ ਸਾਰੇ ਗੁਨਾਹਾਂ ਦੀ ਮੁਆਫ਼ੀ ਅਤੇ ਇਸ ਮੁਆਫ਼ੀ ਦੇ ਕਾਰਨ ਹੀ ਮਰਨ ਤੋਂ ਬਾਅਦ ਦੇ ਜੀਵਨ ਵਿੱਚ ਜੰਨਤ ਪ੍ਰਾਪਤ ਹੋਵੇਗੀ, ਜਿੱਥੇ ਸੁੱਖ, ਚੈਣ ਅਤੇ ਆਰਾਮ ਤੋਂ ਛੁੱਟ ਹੋਰ ਕੁਝ ਵੀ ਨਹੀਂ ਹਮੇਸ਼ਾ-ਹਮੇਸ਼

ਲਈ ਜੀਵਨ ਹੈ ਅਤੇ ਮੌਤ ਨਹੀਂ। ਪ੍ਰੰਤੂ ਇਹ ਲਾਭ ਉਨ੍ਹਾਂ ਲਈ ਹਨ ਜੋ ਰੱਬ ਤੇ ਈਮਾਨ ਲਿਆਉਣਗੇ। ਇਹ ਤਾਂ ਉਹ ਲਾਭ ਹਨ ਜਿਹੜੇ ਕਿ ਆਖ਼ਰਤ ਭਾਵ ਮਰਨ ਤੋਂ ਬਾਅਦ ਦੇ ਜੀਵਨ ਨਾਲ ਸਬੰਧ ਰੱਖਦੇ ਹਨ ਹੁਣ ਕੁਝ ਉਹ ਲਾਭ ਹਨ ਜਿਹੜੇ ਕਿ ਇਸ ਦੁਨੀਆਂ ਦੇ ਜੀਵਨ ਨਾਲ ਸਬੰਧ ਰੱਖਦੇ ਹਨ ਜਿਵੇਂ ਕਿ ਗ਼ੁਲਾਮੀ ਤੋਂ ਛੁਟਕਾਰਾ।

## ਗ਼ੁਲਾਮੀ ਤੋਂ ਛੁਟਕਾਰਾ :

ਅਲੱਮਾ ਇਕਬਾਲ, ਜੋ ਇੱਕ ਵੱਡੇ ਕਵੀ ਹੋਵੇ ਹਨ ਆਖਦੇ ਹਨ, "ਕਿ ਐ ਬੰਦਿਆ ਇੱਕ ਸਿਜਦਾ ਜਿਸ ਨੂੰ ਤੂੰ ਭਾਰੀ ਸਮਝਦਾ ਹੈ ਉਹ ਮਨੁੱਖਾਂ ਨੂੰ ਹਜ਼ਾਰਾ ਸਜਦਿਆਂ ਤੋਂ ਛੁੱਟਕਾਰਾ ਦਿੰਦਾ ਹੈ।"

ਕੁਰਆਨ ਇੱਕ ਉਦਾਹਰਣ ਦਿੰਦਾ ਹੈ ਕਿ ਇੱਕ ਵਿਅਕਤੀ ਜੋ ਇੱਕ ਮਾਲਕ ਦਾ ਗ਼ੁਲਾਮ ਹੈ ਅਤੇ ਇੱਕ ਵਿਅਕਤੀ ਉਹ ਜਿਹੜਾ ਬਹੁਤ ਸਾਰੇ ਮਾਲਕਾਂ ਦਾ ਗ਼ੁਲਾਮ ਹੈ ਦੋਵਾਂ ਦੇ ਵਿਚਕਾਰ ਅਤੇ ਦੋਵਾਂ ਦੇ ਜੀਵਨ ਵਿਚਕਾਰ ਕਿੰਨਾ ਜ਼ਿਆਦਾ ਫ਼ਰਕ ਹੁੰਦਾ ਹੈ। ਅੱਲਾਹ ਤਆਲਾ ਉਦਾਹਰਣ ਦਿੰਦਾ ਹੈ:

"ਕੀ ਇੱਕ ਉਹ ਮਨੁੱਖ ਹੈ ਜਿਸਦੇ ਬਹੁਤ ਸਾਰੇ ਆਪਸ ਵਿੱਚ ਜ਼ਿੱਦ ਰੱਖਣ ਵਾਲੇ (ਝਗੜਾਲੂ) ਸਾਂਝੀਦਾਰ ਹਨ ਅਤੇ ਦੂਜਾ ਉਹ ਜਿਹੜਾ ਕੇਵਲ ਇੱਕ ਦਾ ਹੀ ਗ਼ੁਲਾਮ ਹੈ ਕੀ ਇਹ ਦੋਵੇ ਗੁਣਾਂ (ਵਿਸ਼ੇਸ਼ ਤਾਵਾਂ) ਵਿੱਚ ਬਰਾਬਰ ਹਨ?(29)" (ਸੂਰਤ ਅਜ਼-ਜ਼ੁਮਰ, ਆਇਤ 29)

ਕੁਰਆਨ ਦੀ ਇਸ ਆਇਤ ਤੋਂ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਕੇਵਲ ਇੱਕ ਅੱਲਾਹ ਉੱਤੇ ਈਮਾਨ ਰੱਖਣ ਦਾ, ਉਸ ਨੂੰ ਆਪਣਾ ਇਸ਼ਟ,ਆਪਣਾ ਰੱਬ ਮੰਨਣ ਦਾ ਕਿੰਨਾ ਵੱਡਾ ਲਾਭ ਹੈ। ਇਸਲਾਮ ਹਜ਼ਾਰਾ ਰੱਬਾਂ ਦੀ ਗ਼ੁਲਾਮੀ ਤੋਂ ਕਢ ਕੇ ਕੇਵਲ ਇੱਕ ਅੱਲਾਹ ਦੀ ਗ਼ੁਲਾਮੀ ਵਿੱਚ ਲਿਆਉਂਦਾ ਹੈ।

ਕੁਰਆਨ ਦੀ ਇਹ ਆਇਤ ਦੱਸਦੀ ਹੈ ਕਿ ਇੱਕ ਵਿਅਕਤੀ ਉਹ ਹੈ ਜਿਹੜਾ ਬਹੁਤ ਸਾਰੇ ਮਾਲਕਾਂ ਦਾ ਗ਼ੁਲਾਮ ਹੈ ਅਤੇ ਮਾਲਕ ਵੀ ਜ਼ਿੱਦੀ ਅਤੇ ਝਗੜਾਲੂ ਹਨ ਅਤੇ ਇਹ ਸਾਰੇ ਮਾਲਕ ਉਸ ਇਕੱਲੇ ਵਿਅਕਤੀ ਨੂੰ ਆਪਣੇ ਆਪਣੇ ਵੱਲ ਬੁਲਾਉਂਦੇ ਹਨ, ਇਨ੍ਹਾਂ ਵਿੱਚੋਂ ਹਰੇਕ ਮਾਲਕ ਚਾਹੁੰਦਾ ਹੈ ਕਿ ਇਹ ਗ਼ੁਲਾਮ ਉਸ ਨੂੰ ਹੀ ਖ਼ੁਸ਼ ਰੱਖੇ ਅਤੇ ਉਸ ਦੀ ਹਰ ਤਰ੍ਹਾਂ ਸੇਵਾ ਕਰੇ, ਫ਼ੁੱਟੀ ਕਿਸਮਤ ਇਸ ਬਦ ਕਿਸਮਤ ਗ਼ੁਲਾਮ ਦੀ ਉਹ ਕਿਸ ਕਿਸ ਨੂੰ ਖ਼ੁਸ਼ ਰੱਖੇ ਅਤੇ ਕਿਸ ਕਿਸ ਦੀ ਸੇਵਾ ਕਰੇ? ਇਸ ਗ਼ੁਲਾਮ ਦੇ ਮੁਕਾਬਲੇ ਵਿੱਚ ਇੱਕ ਉਹ ਗ਼ੁਲਾਮ ਹੈ ਜਿਸ ਦਾ ਮਾਲਕ ਕੇਵਲ ਇੱਕ ਹੈ। ਹੁਣ ਇਹ ਗ਼ੁਲਾਮ ਬਹੁਤ ਹੀ ਅਸਾਨੀ ਨਾਲ ਆਪਣੇ ਇੱਕ ਮਾਲਕ ਨੂੰ ਖ਼ੁਸ਼ ਰੱਖ ਲਕਦਾ ਹੈ। ਇਸ ਪ੍ਰਕਾਰ ਜਿਹੜਾ ਮਨੁੱਖ ਕੇਵਲ ਇੱਕ ਅੱਲਾਹ ਨੂੰ ਆਪਣਾ ਰੱਬ, ਆਪਣਾ ਇਸ਼ਟ ਮੰਨਦਾ ਹੈ ਉਹ ਬਹੁਤ ਸਾਰਿਆਂ ਦੀ ਗ਼ੁਲਾਮੀ ਤੋਂ ਅਜ਼ਾਦ ਹੈ। ਇਹ ਆਜ਼ਾਦੀ ਕੇਵਲ ਇਸਲਾਮ ਹੀ ਦਿੰਦਾ ਹੈ।

"ਐ ਲੋਕੋ! ਆਪਣੇ ਰੱਬ ਦੀ ਇਬਾਦਤ ਕਰੋ ਜਿਸ ਨੇ ਤੁਹਾਨੂੰ ਅਤੇ ਤੁਹਡੇ ਤੋਂ ਪਹਿਲਾਂ ਲੋਕਾਂ ਨੂੰ ਪੈਦਾ ਕੀਤਾ ।ਇਹੀ ਤੁਹਾਡਾ ਬਚਾਓ ਹੈ। (ਸੂਰਤ ਅਲ-ਬਕਰਹ, ਆਇਤ 21)

"ਐ ਮਨੁੱਖ! ਕਿਹੜੀ ਚੀਜ਼ ਨੇ ਤੈਨੂੰ ਆਪਣੇ ਉਸ ਮਿਹਰਬਾਨ ਰੱਬ ਬਾਰੇ ਧੋਕੇ ਵਿੱਚ ਪਾ ਸੁੱਟਿਆ ਹੈ।" (ਸੂਰਤ ਅਲ-ਇਨਫ਼ਿਤਾਰ,ਆਇਤ 6)

ਜਦੋਂ ਕੋਈ ਵਿਅਕਤੀ ਇੱਕ ਅੱਲਾਹ ਨੂੰ ਆਪਣਾ ਰੱਬ, ਆਪਣਾ ਇਸ਼ਟ ਮੰਨ ਲੈਂਦਾ ਹੈ ਤਾਂ ਦਰ-ਦਰ ਭਟਕਣ ਤੋਂ ਬਚ ਜਾਂਦਾ ਹੈ ।ਉਸਦਾ ਸਿਰ ਝੁਕ ਦਾ ਹੇ ਤਾਂ ਕੇਵਲ ਇੱਕ ਅੱਲਾਹ ਦੇ ਅੱਗੇ।ਉਸ ਦੇ ਦਿਲ ਵਿੱਚ ਡਰ ਹੁੰਦਾ ਹੈ ਤਾਂ ਕੇਵਲ ਅੱਲਾਹ ਦਾ ਕਿਉਂਕਿ ਉਸ ਨੂੰ ਇਹ ਸਿੱਖਿਆ ਉਸ ਦੇ ਰੱਬ ਦਾ ਕੁਰਆਨ ਦਿੰਦਾ ਹੈ :

"ਤੁਸੀਂ ਆਖ ਦਿਓ! ਕਿ ਸਾਨੂੰ ਕੋਈ ਮੁਸੀਬਤ ਆਵੇਗੀ ਤਾਂ ਉਹੀ ਆਵੇਗੀ ਜਿਹੜੀ ਅੱਲਾਹ ਤਆਲਾ ਨੇ ਸਾਡੇ ਨਸੀਬ ਵਿੱਚ ਲਿੱਖੀ ਹੋਵੇਗੀ। ਅੱਲਾਹ ਹੀ ਸਾਡਾ (ਕਾਰ ਸਾਜ਼)ਕੰਮਾ ਨੂੰ ਬਨਾਉਣ ਵਾਲਾ ਹੈ ਤੇ ਈਮਾਨ ਵਾਲਿਆਂ ਨੂੰ ਉਸੇ 'ਤੇ ਭਰੋਸਾ ਕਰਨਾ ਚਾਹੀਦਾ ਹੈ।" (ਸੂਰਤ ਅਤ-ਤੌਬਾ,ਆਇਤ 51)ਰੱਬ ਆਪਣੇ ਬੰਦਿਆਂ ਨੂੰ ਆਖਦਾ ਹੈ:

"ਅੱਲਾਹ ਜ਼ਿਆਦਾ ਅਧਿਕਾਰੀ ਹੈ ਕਿ ਤੁਸੀਂ ਉਸ ਤੋਂ ਡਰੋ ਜੇ ਤੁਸੀਂ ਸੱਚੇ ਮਸਲਿਮ ਹੋ।" (ਸੂਰਤ ਅਤ-ਤੌਬਾ,ਆਇਤ 13)

"ਇਸ਼ਟ ਤਾਂ ਕੇਵਲ ਉਹੀ ਇਕੱਲਾ ਹੈ, ਸੋ ਤੁਸੀਂ ਸਾਰੇ ਕੇਵਲ ਮੇਰਾ ਡਰ ਰੱਖੋ।" (ਸੂਰਤ ਅਲ- ਨਹਲ ਆਇਤ 51)

ਜਦੋਂ ਮਨੁੱਖ ਸੱਚੇ ਦਿਲ ਤੋਂ ਅੱਲਾਹ ਨੂੰ ਆਪਣਾ ਰੱਬ,ਆਪਣਾ ਇਸ਼ਟ ਮੰਨ ਲੈਂਦਾ ਹੈ ਤਾਂ ਗ਼ੁਲਾਮੀ ਦੀ ਇੱਕ ਵੱਡੀ ਜ਼ੰਜੀਰ ਨੂੰ ਤੋੜਕੇ ਆਜ਼ਾਦ ਹੋ ਜਾਂਦਾ ਹੈ ਜਿਸ ਨਾਲ ਉਹ ਜੱਕੜੀਆਂ ਹੋਇਆ ਸੀ ।ਉਹ ਜ਼ੰਜੀਰ ਅੱਲਾਹ ਤੋਂ ਛੁੱਟ ਜਣੇ-ਖਣੇ ਦਾ ਡਰ ਹੈ ਜਿਸ ਨੂੰ ਵਿਅਕਤੀ ਆਪਣੇ ਦਿਲ ਵਿੱਚ ਵਸਾਈ ਫਿਰਦਾ ਹੈ। ਮਨੁੱਖ ਬਹਾਦਰ ਤੇ ਨਿਡਰ ਬਣਦਾ ਹੈ ।ਇਹ ਲਾਭ ਵੀ ਉਹੀ ਵਿਅਕਤੀ ਪ੍ਰਾਪਤ ਕਰਦਾ ਹੈ ਜਿਹੜਾ ਅੱਲਾਹ ਉੱਤੇ ਪੱਕਾ ਈਮਾਨ ਰੱਖਦਾ ਹੈ ।

ਗ਼ੁਲਾਮੀ ਦੀ ਦੂਜੀ ਵੱਡੀ ਜ਼ੰਜੀਰ ਮੁਹੱਬਤ ਅਤੇ ਪਿਆਰ ਹੈ, ਕੁਰਆਨ ਦੱਸਦਾ ਹੈ ਕਿ ਈਮਾਨ ਵਾਲੇ ਕਿਸ ਪ੍ਰਕਾਰ ਦੇ ਹੁੰਦੇ ਹਨ:

"ਜਿਹੜੇ ਈਮਾਨ ਵਾਲੇ ਹਨ ਉਹ ਤਾਂ ਸਭ ਤੋਂ ਵੱਧ ਅੱਲਾਹ ਨਾਲ ਮੁਹੱਤ ਕਰਦੇ ਹਨ।" (ਸੂਰਤ ਅਲ-ਬਕਰਹ,ਆਇਤ 165)

ਇਸ ਪ੍ਰਕਾਰ ਜਦੋਂ ਇੱਕ ਮਨੁੱਖ ਸਭ ਤੋਂ ਵੱਧ ਆਪਣੇ ਰੱਬ ਨਾਲ ਮੁਹੱਬਤ ਕਰਦਾ ਹੈ ਤਾਂ ਉਹ ਐਰੇ-ਗੈਰੇ ਦੀ ਮੁਹੱਬਤ ਤੋਂ ਆਜ਼ਾਦ ਹੋ ਜਾਂਦਾ ਹੈ ।

"ਤੁਸੀਂ ਆਖ ਦਿਓ! ਯਕੀਨਨ ਮੇਰੀ ਨਮਾਜ਼, ਮੇਰੀ ਕੁਰਬਾਨੀ ਅਤੇ ਮੇਰਾ ਜਿਉਣਾ ਅਤੇ ਮਰਨਾ ਇਹ ਸਭ ਕੁਝ ਖ਼ਾਲਸ ਕੇਵਲ ਅੱਲਾਹ ਦੇ ਲਈ ਹੈ ਜਿਹੜਾ ਸਾਰੇ ਜਹਾਨ ਦਾ ਮਾਲਕ ਹੈ।"(ਸੂਰਤ ਅਲ ਅਨਾਮ,ਆਇਤ 162)

ਕੁਰਆਨ ਪਾਕ ਦੀ ਇਸ ਆਇਤ ਵਿੱਚ ਉਨ੍ਹਾਂ ਲੋਕਾਂ ਦੀਆਂ ਵਿਸ਼ੇਸ਼ਤਾਵਾਂ ਦੱਸੀਆਂ ਗਈਆਂ ਹਨ ਜਿਹੜੇ ਅੱਲਾਹ 'ਤੇ ਈਮਾਨ ਰੱਖਦੇ ਹਨ ਜਿਹੜੇ ਕੇਵਲ ਅੱਲਾਹ ਨੂੰ ਹੀ ਆਪਣਾ ਰੱਬ, ਆਪਣਾ ਈਸ਼ਟ ਮੰਦੇ ਹਨ। ਉਨ੍ਹਾਂ ਦਾ ਸਾਰਾ ਜੀਵਨ ਕੇਵਲ ਇੱਕ ਅੱਲਾਹ ਦੀ ਗ਼ੁਲਾਮੀ ਵਿੱਚ ਬਤੀਤ ਹੁੰਦਾ ਹੈ। ਅਜਿਹੇ ਲੋਕ ਅੱਲਾਹ ਤਆਲਾ ਤੋਂ ਛੁੱਟ ਬਾਕੀ ਸਾਰਿਆਂ ਦੀ ਗ਼ੁਲਾਮੀ ਤੋਂ ਆਜ਼ਾਦ ਹੁੰਦੇ ਹਨ।ਇਨ੍ਹਾਂ ਦੇ ਜੀਵਨ ਵਿੱਚ ਸਕੂਨ ਹੁੰਦਾ ਹੈ ।

## ਅੱਲਾਹ ਤਆਲਾ ਨੂੰ ਆਪਣਾ ਰੱਬ ਮੰਨਣ 'ਤੇ ਖ਼ੁਸ਼ਖ਼ਬਰੀਆਂ:

"ਈਮਾਨ ਲਿਆਉਣ ਵਾਲਿਆਂ ਦਾ ਸਹਾਇਕ ਅੱਲਾਹ ਤਆਲਾ ਆਪ ਹੈ। ਉਹ (ਅੱਲਾਹ)ਉਨ੍ਹਾਂ (ਈਮਾਨ ਵਾਲਿਆਂ)ਨੂੰ ਹਨੇਰਿਆਂ ਵਿੱਚੋਂ ਕੱਢ ਕੇ ਚਾਨਣ ਰੋਸ਼ਨੀ ਵੱਲ ਲੈ ਜਾਂਦਾ ਅਤੇ ਜਿਨ੍ਹਾਂ ਨੇ ਅੱਲਾਹ ਦੀਆਂ ਆਇਤਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਉਨ੍ਹਾਂ ਦੇ ਸਰਦਾਰ ਸ਼ੈਤਾਨ ਹਨ। ਉਹ ਉਨ੍ਹਾਂ ਨੂੰ ਚਾਨਣ (ਰੋਸ਼ਨੀ)ਵਿਚੋਂ ਕੱਡ ਕੇ ਹਨੇਰਿਆਂ ਵੱਲ ਲੈ ਜਾਂਦੇ ਹਨ। ਇਹ ਲੋਕੀ ਨਰਕ ਵਿੱਚ ਜਾਣਗੇ, ਜਿਹੜੇ ਸਦਾ ਲਈ ਉੱਥੇ ਹੀ ਰਹਿਣਗੇ।" (ਸੂਰਤ ਅਲ-ਬਕਰਹ,ਆਇਤ 257)

ਕੁਰਆਨ ਦੀ ਇਸ ਆਇਤ ਤੋਂ ਬਹੁਤ ਵੱਡੀ ਖ਼ੁਸ਼ਖ਼ਰੀ ਮਿਲਦੀ ਹੈ ਇਹ ਖ਼ੁਸ਼ਖ਼ਰੀ ਉਨ੍ਹਾਂ ਲੋਕਾਂ ਲਈ ਹੈ ਜਿਹੜੇ ਅੱਲਾਹ ਨੂੰ ਆਪਣਾ ਰੱਬ,ਮੰਨ ਕੇ ਉਸ 'ਤੇ ਈਮਾਨ ਲਿਆਉਂਦੇ ਹਨ। ਇਸ ਈਮਾਨ ਲਿਆਉਣ ਕਾਰਨ ਅੱਲਾਹ ਤਆਲਾ ਉਨ੍ਹਾਂ ਨੂੰ ਖ਼ੁਸ਼ਖ਼ਰੀ

ਦਿੰਦਾ ਹੈ ਕਿ ਉਨ੍ਹਾਂ ਲੋਕਾਂ ਦਾ ਸਹਾਇਕ ਮੈਂ ਆਪ ਹਾਂ ਕੀ ਭਲਾ ਉਸ ਵਿਅਕਤੀ ਨੂੰ ਕੋਈ ਹਰਾ ਸਕਦਾ ਹੈ, ਜਿਸ ਦਾ ਸਹਾਇਕ ਅਤੇ ਜਿਸ ਨੂੰ ਪਿਆਰ ਕਰਨ ਵਿਲਾ ਅੱਲਾਹ ਹੋਵੇ? ਉਹ ਅੱਲਾਹ ਜਿਹੜਾ ਜ਼ਮੀਨ, ਅਸਮਾਨ ਦਾ ਬਾਦਸ਼ਾਹ ਹੈ, ਉਹ ਅੱਲਾਹ, ਜਿਸ ਦੇ ਹੱਥ ਵਿੱਚ ਜ਼ਮੀਨ ਅਤੇ ਅਸਮਾਨਾਂ ਦੇ ਖ਼ਜ਼ਾਨੇ ਹਨ। ਅੱਲਾਹ ਆਪ ਆਖਦਾ ਹੈ ਕਿ ਈਮਾਨ ਵਾਲਿਆਂ ਦਾ ਹਾਮੀ ਅਤੇ ਸਹਾਇਕ ਮੈਂ ਹਾਂ । ਜਿਸ ਨੂੰ ਅੱਲਾਹ ਡੋਬਣ 'ਤੇ ਆਵੇ ਉਸ ਨੂੰ ਕੋਈ ਬਚਾ ਨਹੀਂ ਸਕਦਾ ਅਤੇ ਜਿਸ ਨੂੰ ਅੱਲਾਹ ਬਚਾ ਲਵੇ ਉਸ ਨੂੰ ਕੋਈ ਡੋਬ ਨਹੀਂ ਸਕਦਾ,ਕੁਰਆਨ ਵਿੱਚ ਰੱਬ ਆਖਦਾ ਹੈ:

"ਜੇਕਰ ਅੱਲਾਹ ਤਆਲਾ ਤੁਹਾਡੀ ਸਹਾਇਤਾ ਕਰੇ ਤਾਂ ਤੁਹਾਡੇ ਉੱਤੇ ਕੋਈ ਗ਼ਾਲਿਬ (ਭਾਰੂ) ਨਹੀਂ ਹੋ ਸਕਦਾ ਅਤੇ ਜੇਕਰ ਉਹ ਤੁਹਾਨੂੰ ਛੱਡ ਦੇਵੇ ਤਾਂ ਉਸ ਤੋਂ ਮਗਰੋਂ ਕਿਹੜਾ ਹੈ ਜਿਹੜਾ ਤੁਹਾਡੀ ਸਹਾਇਤਾ ਕਰੇ? ਈਮਾਨ ਵਾਲਿਆਂ ਨੂੰ ਅੱਲਾਹ ਤਆਲਾ ਉੱਤੇ ਹੀ ਭਰੋਸਾ ਰੱਖਣਾ ਚਾਹੀਦਾ ਹੈ(160)" (ਸੂਰਤ ਆਲ-ਇਮਰਾਨ, ਆਇਤ 160)

ਕੁਰਆਨ ਵਿੱਚ ਇੱਕ ਦੂਜੀ ਥਾਂ 'ਤੇ ਕਿਹਾ ਗਿਆ ਹੈ:

"ਐ ਨਬੀ! ਤੁਸੀਂ ਆਖ ਦਿਓ ਐ ਮੇਰੇ ਇਸ਼ਟ, ਐ ਮੇਰੇ ਸਾਰੇ ਜਹਾਨਾਂ ਦੇ ਮਾਲਕ ਤੁਸੀਂ ਜਿਸ ਨੂਮ ਚਾਹੋ ਬਾਦਸ਼ਾਹੀ ਦੇਵੇਂ ਅਤੇ ਜਿਸ ਤੋਂ ਚਾਹੋ ਰਾਜ ਪਾਠ ਖੋਹ ਲਵੋਂ। ਜਿਸ ਨੂੰ ਚਾਹੋ ਸਤਿਕਾਰ ਦੇਵੋ ਅਤੇ ਜਿਸ ਨੂਮ ਚਾਹੋ ਰੁਸਵਾ (ਜ਼ਲੀਲ)ਕਰ ਦੇਵੋ ।ਤੇਰੇ ਹੀ ਹੱਥ ਵਿੱਚ ਸਾਰੀਆਂ ਭਲਾਈਆਂ ਹਨ ਕੋਈ ਕੋਈ ਸ਼ੱਕ ਨਹੀਂ ਤੂੰ ਹਰ ਚੀਜ਼ ਉੱਤੇ ਕੁਦਰਤ ਰੱਖਦਾ ਹੈ।(26)" (ਸੂਰਤ ਆਲ-ਇਮਰਾਨ, ਆਇਤ26)

ਕੁਰਆਨ ਦੀਆਂ ਇਨ੍ਹਾਂ ਆਇਤਾਂ ਤੋਂ ਅਸੀਂ ਸਮਝ ਸਕਦੇ ਹਾਂ ਕਿ ਅੱਲਾਹ ਕੀ ਹੈ? ਉਸ ਦੀ ਸ਼ਕਤੀ,ਉਸ ਦੀ ਕੁਦਰਤ ਕਿੰਨੀ ਜ਼ਿਆਦਾ ਹੈ? ਉਸ ਦੀ ਸ਼ਕਤੀ ਦੀ ਕੋਈ

ਸੀਮਾ ਨਹੀਂ। ਰੱਬ ਆਖ ਰਿਹਾ ਹੈ ਕਿ "ਮੈਂ ਈਮਾਨ ਵਾਲਿਆਂ ਦਾ ਹਾਮੀ ਅਤੇ ਸਹਾਇਕ ਹਾਂ।"

ਕੁਰਆਨ ਦੀ ਜਿਹੜੀ ਆਇਤਾਂ ਪਹਿਲਾਂ ਦੱਸੀ ਗਈ ਸੀ। ਉਸ ਆਇਤ ਤੋਂ ਦੋ ਵਿੱਡੀਆਂ ਖ਼ੁਸ਼ਖ਼ਬਰੀਆ ਮਿਲਦੀਆਂ ਹਨ,ਪਹਿਲੀ ਅੱਲਾਹ ਦੀ ਸਹਾਇਤਾ ਜਿਸ ਬਾਰੇ ਦੱਸਿਆ ਜਾ ਚੁੱਕਿਆ ਹੈ ਅਤੇ ਦੂਜੀ ਖ਼ੁਸ਼ਖ਼ਬਰੀ ਇਹ ਹੈ ਕਿ ਅੱਲਹ ਈਮਾਨ ਵਾਲਿਆਂ ਨੂੰ ਹਨੇਰਿਆਂ ਤੋਂ ਕੱਢ ਕੇ ਚਾਨਣ ਵੱਲ ਲੈ ਜਾਂਦਾ ਹੈ ।

ਹਨੇਰਿਆਂ ਤੋਂ ਕੀ ਭਾਵ ਹੈ? ਪਾਪਾਂ ਨਾਲ ਭਰੇ ਜੀਵਨ ਨੂੰ ਹਨੇਰੇ ਕਿਹਾ ਗਿਆ ਹੈ। ਸਭ ਤੋਂ ਵੱਡਾ ਪਾਪ ਤਾਂ ਅੱਲਾਹ ਤਆਲਾ ਤੋਂ ਛੁੱਟ ਕਿਸੇ ਹੋਰ ਅੱਗੇ ਮੱਥਾ ਟੇਕਣਾ,ਉਸ ਤੋਂ ਛੁੱਟ ਕਿਸੇ ਹੋਰ ਦਾ ਆਪਣੇ ਦਿਲ ਵਿੱਚ ਡਰ ਰੱਖਣਾ ਜਾਂ ਕਿਸੇ ਤੋਂ ਉਮੀਦਾਂ ਰੱਖਣਾਂ ਹੈ। ਇਹ ਸਭ ਕੁਝ ਹਨੇਰੇ ਹਨ ।ਸਹੀ ਗਿਆਨ ਤੋਂ ਬਿਨਾਂ ਮਨੁੱਖ ਹਨੇਰਿਆਂ ਵਿੱਚ ਜੀਵਨ ਬਤੀਤ ਕਰਦਾ ਹੈ ।

ਸਹੀ ਗਿਆਨ ਕੀ ਹੈ? ਸਹੀ ਗਿਆਨ ਤੋਂ ਭਾਵ ਮਨੁੱਖ ਨੂੰ ਜੀਵਨ ਦਾ ਠੀਕ ਮੰਤਵ ਜਾਂ ਅਰਥ ਪਤਾ ਹੋਵੇ ।ਉਸ ਨੂੰ ਪਤਾ ਹੋਵੇ ਕੀ ਉਸ ਨੂੰ ਕਿਸ ਨੇ ਪੈਦਾ ਕੀਤਾ ਹੈ ।ਪੈਦਾ ਕਰਨ ਵਾਲੇ ਨੇ ਦੁਨੀਆਂ ਵਿੱਚ ਉਸ ਨੂੰ ਕਿਉਂ ਭੇਜਿਆ ਹੈ ਅਤੇ ਉਹ ਉਸ ਤੋਂ ਕੀ ਚਹੁੰਦਾ ਹੈ? ਜਦੋਂ ਤੱਕ ਮਨੁੱਖ ਨੂੰ ਇਹ ਮੁੱਢਲਾ ਗਿਆਨ ਨਾ ਹੋਵੇ ਉਸ ਸਮੇਂ ਤੱਕ ਉਹ ਹਨੇਰਿਆਂ ਵਿੱਚ ਹੈ ।ਇਹ ਸਾਰੇ ਹਨੇਰੇ ਹੀ ਹਨੇਰੇ ਹਨ ਇਨ੍ਹਾਂ ਹਨੇਰਿਆਂ ਤੋਂ ਇਲਾਵਾ ਵੀ ਹਨੇਰੇ ਹਨ ਜਿਵੇਂ ਕਿ ਕਬਰ ਦਾ ਹਨੇਰਾ,ਕਿਆਮਤ ਦਾ ਹਨੇਰਾ,ਪੁਲ ਸਰਾਤ ਦਾ ਹਨੇਰਾ ਆਦ ।

## ਅੱਲਾਹ ਨੂੰ ਆਪਣਾ ਰੱਬ ਮੰਨਣ 'ਤੇ ਰੱਬ ਵੱਲੋਂ ਬੰਦਿਆਂ ਨੂੰ ਖ਼ੁਸ਼ਖ਼ਬਰੀਆਂ:

"ਜਿਨ੍ਹਾਂ ਲੋਕਾਂ ਨੇ ਆਖਿਆ ਕਿ ਅੱਲਾਹ ਸਾਡਾ ਰੱਬ ਹੈ ਅਤੇ ਫੇਰ ਉਹ ਉਸ ਉੱਤੇ ਡਟੇ ਰਹੇ, ਉਨ੍ਹਾਂ ਦੇ ਕੋਲ ਫ਼ਰਿਸ਼ਤੇ (ਇਹ ਕਹਿੰਦੇ ਹੋਵੇ)ਆਉਂਦੇ ਹਨ ਕਿ ਤੁਸੀਂ ਜ਼ਰਾ ਵੀ ਨਾ ਡਰੋ ਅਤੇ ਗ਼ਮ, ਫ਼ਿਕਰ ਨਾ ਕਰੋ (ਬਲਕਿ)ਉਸ ਜੰਨਤ ਦੀ ਖ਼ੁਸ਼ਖ਼ਬਰੀ ਸੁਣ ਲਵੋ, ਜਿਸ ਦਾ ਤੁਹਾਨੂੰ ਵਾਅਦਾ ਦਿੱਤਾ ਗਿਆ ਸੀ(30) ਤੁਹਾਡੀ ਦੁਨੀਆਂ ਦੀ ਜਿੰਦਗੀ ਦੇ ਵੀ ਅਸੀਂ ਤੁਹਾਡੇ ਦੋਸਤ ਸੀ ਅਤੇ ਪਰਲੋਕ ਵਿੱਚ ਵੀ ਰਹਾਂਗੇ ।ਜਿਸ ਚੀਜ਼ ਨੂੰ ਤੁਹਾਡਾ ਮਨ ਚਾਹੇ ਅਤੇ ਜੋ ਕੁਝ ਤੁਸੀਂ ਮੰਗੋਂ ਸਭ ਤੁਹਾਡੇ ਲਈ (ਜੰਨਤ ਵਿੱਚ)ਹੈ(31) ਬਖ਼ਸ਼ਣਹਾਰ ਤੇ ਮਿਹਰਬਾਨ(ਇਸ਼ਟ)ਦੇ ਵੱਲੋਂ ਇਹ ਸਭ ਕੁਝ(ਮਹਿਮਾਨ ਨਵਾਜ਼ੀ)ਦੇ ਵੱਜੋਂ ਹੋਵੇਗਾ(32)"

(ਸੂਰਤ ਹਾ- ਮੀਮ-ਅਸ-ਸਜਦਾ,ਆਇਤ 30ਤੋਂ 32)

ਕੁਰਆਨ ਦੀਆਂ ਇਨ੍ਹਾਂ ਆਇਤਾਂ ਵਿੱਚ ਦੱਸਿਆ ਗਿਆ ਹੈ ਕਿ ਜਿਹੜੇ ਲੋਕੀ ਆਖਦੇ ਹਨ ਕਿ ਅੱਲਾਹ ਹੀ ਸਾਡਾ ਰੱਬ ਹੈ ਅਤੇ ਫੇਰ ਇਸ ਤੇ ਡਟ ਜਾਂਦੇ ਹਨ। ਇਸ ਤੋਂ ਭਾਵ ਹੈ ਕਿ ਕੇਵਲ ਜ਼ੁਬਾਨ ਤੋਂ ਆਖਣਾ ਕਾਫ਼ੀ ਨਹੀਂ ਹੈ ਸਗੋਂ ਸੱਚੇ ਦਿਲੋ ਮੰਨਣਾ,ਜ਼ੁਬਾਨ ਤੋਂ ਆਖਣਾ ਅਤੇ ਸਰੀਰ ਤੋਂ ਅਮਲ ਕਰਨਾ ਇਨ੍ਹਾਂ ਤਿੰਨ ਚੀਜ਼ਾ ਦਾ ਨਾਂ ਹੈ ਅੱਲਾਹ ਉੱਤੇ ਈਮਾਨ ਲਿਆਉਣ ਤੋਂ ਬਾਅਦ ਸੱਚੇ ਲੋਕ ਇਸ ਗੱਲ ਤੇ ਡਟ ਜਾਂਦੇ ਹਨ।

ਹਜ਼ਰਤ ਅਬੁ ਬਕਰ ਸਿੱਦੀਕ(ਰਜ਼ਿ.)ਆਖਦੇ ਹਨ ਕਿ ਡਟਣ ਤੋਂ ਭਾਵ ਹੈ ਕਿ ਅੱਲਾਹ ਦੇ ਨਾਲ ਕਿਸੇ ਹੋਰ ਨੂੰ ਉਸ ਦਾ ਸਾਂਝੀਦਾਰ ਨਾ ਬਣਾਇਆ ਜਾਵੇ ।ਅੱਲਾਹ ਦਾ ਸਾਂਝੀਦਾਰ ਕੋਈ ਨਹੀਂ ਹੈ ਜੇਕਰ ਕੋਈ ਮਨੁੱਖ ਅੱਲਾਹ ਦਾ ਸਾਂਝੀਦਾਰ ਕਿਸੇ ਹੋਰ ਨੂੰ ਬਣਾਉਂਦਾ ਹੈ ਤਾਂ ਇਹ ਸਭ ਤੋਂ ਵੱਡਾ ਪਾਪ ਹੈ। ਇਸ ਲਈ ਅਬੁ ਬਕਰ ਸਿੱਦੀਕ(ਰਜ਼ਿ.)ਆਖਦੇ ਹਨ ਕਿ ਡਟਣ ਤੋ ਭਾਵ ਈਮਾਨ ਲਿਆਉਣ ਤੋਂ ਬਾਅਦ ਈਮਾਨ ਉੱਤੇ ਡਟਣਾ ਹੈ, ਜਿਸ ਦਾ ਅਰਤ ਹੈ ਕਿ ਅੱਲਾਹ ਦਾ ਸਾਂਝੀਦਾਰ ਨਾ ਬਣਾਇਆ ਜਾਵੇ। ਜਦੋਂ ਮਨੁੱਖ ਇਹ ਦੋ ਕੰਮ ਕਰਦਾ ਹੈ ਕਿ ਅੱਲਾਹ ਨੂੰ ਆਪਣਾ ਰੱਬ ਮੰਨ ਕੇ ਉਸ ਉੱਤੇ ਡਟ ਜਾਂਦਾ ਹੈ ਤਾਂ ਫੇਰ ਰੱਬ ਵੱਲੋਂ ਖ਼ੁਸ਼ਖ਼ਬਰੀਆਂ ਆਉਦੀਆਂ ਹਨ ਜਿਵੇਂ ਕਿ ਕੁਰਆਨ ਦੀਆਂ

ਇਨ੍ਹਾਂ ਆਇਤਾਂ ਵਿੱਚ ਰੱਬ ਖ਼ੁਸ਼ਖ਼ਬਰੀਆਂ ਦਿੰਦਾ ਹੈ । ਕੁਰਆਨ ਦੀਆਂ ਇਨ੍ਹਾਂ ਆਇਤਾਂ ਵਿੱਚ ਰੱਬ ਸੱਚੇ ਨੇ ਈਮਾਨ ਵਾਲਿਆਂ ਨੂੰ ਚਾਰ(4) ਖ਼ੁਸ਼ਖ਼ਬਰੀਆਂ ਦਿੱਤੀਆਂ ਹਨ ਜਿਨ੍ਹਾਂ ਨੂੰ ਅਸੀਂ ਸਮਝਣ ਦੀ ਕੋਸ਼ਿਸ਼ ਕਰਦੇ ਹਾਂ।

## ਪਹਿਲੀ ਖ਼ੁਸ਼ਖਬਰੀ:

ਕੁਰਆਨ ਦੀ ਇਸ ਆਇਤ ਵਿੱਚ ਪਹਿਲੀ ਖ਼ੁਸ਼ਖ਼ਬਰੀ ਫਰਿਸ਼ਤਿਆਂ ਦਾ ਅਸਮਾਨਾਂ ਤੋਂ ਉੱਤਰਣਾ ਹੈ। ਫਰਿਸ਼ਤੇ ਆਸਮਾਨਾਂ ਤੋਂ ਕਦੋਂ ਉਤਰਦੇ ਹਨ? ਜਦੋਂ ਮਨੁੱਖ ਦੀ ਮੌਤ ਦਾ ਸਮਾਂ ਆਉਂਦਾ ਹੈ ।ਉਸ ਸਮੇਂ ਅਸਮਾਨਾਂ ਤੋਂ ਸਾਫ਼ ਸਫ਼ੈਦ ਕਪੜਿਆਂ ਵਾਲੇ ਅਤੇ ਸੋਹਣੇ ਚਿਹਰੀਆਂ ਵਾਲੇ ਫ਼ਰਿਸ਼ਤੇ ਆ ਕੇ ਨੇਕ ਆਦਮੀ ਦੇ ਸਰਹਾਣੇ ਬੈਠ ਜਾਂਦੇ ਹਨ ਅਤੇ ਉਸ ਨੂੰ ਖ਼ੁਸ਼ਖ਼ਬਰੀ ਦਿੰਦੇ ਹਨ ।ਹਦੀਸ ਵਿੱਚ ਆਉਂਦਾ ਹੈ ਕਿ:

"ਫ਼ਰਿਸ਼ਤੇ ਨੇਕ ਬੰਦੇ ਦੀ ਰੂਹ ਨੂੰ ਕਹਿੰਦੇ ਹਨ, "ਐ ਪਵਿੱਤਰ ਰੂਹ! ਜਿਹੜੇ ਪਵਿੱਤਰ ਸਰੀਰ ਵਿੱਚ ਸੀ ਅਤੇ ਉਸ (ਸਰੀਰ)ਨੂੰ ਆਬਾਦ ਕੀਤਾ ਹੋਇਆ ਸੀ। ਸਕੂਨ,ਮਿਹਰ,ਰਿਜ਼ਕ, ਖ਼ੁਸ਼ਬੂ ਅਤੇ ਅਜਿਹੇ ਰੱਬ ਵੱਲ ਚੱਲ ਜਿਹੜਾ ਕਿ (ਤੇਰੇ ਤੋਂ)ਨਰਾਜ਼ ਨਹੀਂ। ਫ਼ਰਿਸ਼ਤੇ ਖ਼ੁਸ਼ਖ਼ਬਰੀ ਦਿੰਦੇ ਹਨ, "ਐ ਨੇਕ ਬੰਦੇ !ਤੂੰ ਡਰ ਨਾ ਕਬਰ ਦੇ ਹਨੇਰੇ ਤੋਂ, ਨਾ ਹੀ ਡਰ ਕਿਆਮਤ ਦੇ ਦਿਹਾੜੇ ਤੋਂ ਅਤੇ ਨਾ ਹੀ ਗ਼ਮ ਫ਼ਿਕਰ ਕਰ ਕਿ ਤੂੰ ਆਪਣੇ ਘਰ ਵਾਲਿਆਂ ਅਤੇ ਰਿਸ਼ਤੇਦਾਰਾਂ ਨੂੰ ਛੱਡ ਕੇ ਜਾ ਰਿਹਾ ਹੈ। "ਐ ਨੇਕ ਬੰਦੇ! ਤੇਨੂੰ ਜੰਨਤ ਦੀ ਖ਼ੁਸ਼ਖ਼ਬਰੀ ਹੈ ਜਿਸ ਦਾ ਵਾਅਦਾ ਤੇਰੇ ਨਾਲ ਦੁਨਿਆਂ ਵਿੱਚ ਕੀਤਾ ਗਿਆ ਸੀ। ਅੱਜ ਉਹ ਦਿਨ ਆ ਗਿਆ ਹੈ।"

ਜਿਸ ਜੰਨਤ ਦੀ ਖ਼ੁਸਖ਼ਬਰੀ ਦਿੱਤੀ ਜਾ ਰਹੀ ਹੈ, ਉਹ ਕੀ ਹੈ? ਇਸ ਨੂੰ ਸਮਝਣਾ ਇੰਨਾ ਅਸਾਨ ਨਹੀਂ ਹੈ ਕਿ ਜੰਨਤ ਕਿਸ ਪ੍ਰਕਾਰ ਦੀ ਹੈ? ਉੱਥੇ ਦੇ ਖਾਣੇ,ਉੱਥੇ ਦਾ ਆਰਾਮ, ਉੱਥੇ ਦਿਆਂ ਖ਼ੁਸ਼ੀਆਂ ਉੱਥੇ ਦਾ ਜੀਵਨ ਕਿਸ ਪ੍ਰਕਾਰ ਦਾ ਹੈ?ਇਹ ਇੱਕ ਲੰਮਾ ਵਿਸ਼ਾ ਹੈ

ਜਿਸ ਲਈ ਸਮਾਂ ਚਾਹੀਦਾ ਹੈ। ਜੰਨਤ ਨੂੰ ਸਮਝਣ ਲਈ ਕੇਵਲ ਇੱਕ ਹਦੀਸ ਦੱਸੀ ਜਾ ਰਹੀ ਹੈ ਸ਼ਾਇਦ ਕਿ ਕਾਫ਼ੀ ਹੋਵੇ।

ਅੱਲਾਹ ਪਾਕ ਆਖਦਾ ਹੈ ਕਿ:

"ਮੈਂ ਆਪਣੇ ਬੰਦਿਆਂ ਦੇ ਲਈ ਉਹ ਜੰਨਤ ਤਿਆਰ ਕਰ ਰੱਖੀ ਹੈ ਜਿਸ ਨੂੰ ਕਿਸੇ ਅਖ ਨੇ ਨਹੀਂ ਵੇਖਿਆ। ਕਿਸੇ ਕੰਨ ਨੇ ਉਸ ਬਾਰੇ ਨਹੀਂ ਸੁਣਿਆ ਅਤੇ ਨਾ ਹੀ ਕਿਸੇ ਦੇ ਦਿਲ ਵਿੱਚ ਉਸ ਜੰਨਤ ਦਾ ਖਿਆਲ ਆਇਆ ਹੈ ਕਿ ਜੰਨਤ ਇਸ ਪ੍ਰਕਾਰ ਦੀ ਹੋਵੇਗੀ ।"

ਨੇਕ ਬੰਦਿਆਂ ਚਾਹੀਦਾ ਹੈ ਕਿ ਉਹ ਇਸ ਜੰਨਤ ਦੇ ਲਾਲਚੀ ਬਣਨ ਅਤੇ ਇਸ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨ ।

## ਦੂਜੀ ਖ਼ੁਸ਼ਖਬਰੀ:

ਅੱਲਾਹ ਪਾਕ ਆਖਦੇ ਹਨ ਕਿ "ਅਸੀਂ ਤੁਹਾਡੀ ਦੁਨੀਆਂ ਦੇ ਜੀਵਨ ਵਿੱਚ ਵੀ ਦੋਸਤ ਹਾਂ ਅਤੇ ਆਖ਼ਰਤ ਦੇ ਜੀਵਨ ਵਿੱਚ ਵੀ ਤੁਹਾਡੇ ਸਾਥੀ ਰਹਾਂਗੇ। ਕੀ ਇਹ ਖ਼ੁਸ਼ਖ਼ਬਰੀ ਘਟ ਹੈ? ਇਸ ਨੂੰ ਇੱਕ ਉਦਾਹਰਣ ਰਾਹੀਂ ਸਮਝੋ, ਕਿਸੇ ਵਿਅਕਤੀ ਨੂੰ ਦੇਸ਼ ਦਾ ਮੁੱਖ ਮੰਤਰੀ ਆਖੇ ਕਿ ਮੈਂ ਤੇਰਾ ਸਾਥੀ ਹਾਂ ਕਿਸੇ ਤੋਂ ਡਰਨ ਦੀ ਲੋੜ ਨਹੀਂ । ਇਸ ਵਿਅਕਤੀ ਦੀ ਖ਼ੁਸ਼ੀ ਦਾ ਕੋਈ ਠਿਕਾਣਾ ਨਹੀਂ ਰਹੇਗਾ, ਉਸ ਦੀ ਹਿੰਮਤ ਤੇ ਹੌਸਲੇ ਬਹੁਤ ਵਧ ਜਾਣਗੇ।

ਅੱਲਾਹ ਦੇ ਮੁਕਾਬਲੇ ਇੱਕ ਵਿਅਕਤੀ ਦੀ ਕੀ ਹੈਸੀਅਤ ਹੈ, ਇੱਥੇ ਅੱਲਾਹ ਪਾਕ ਖ਼ੁਸ਼ਖ਼ਬਰੀ ਦੇ ਰਹੇ ਹਨ ਕਿ ਮੈਂ ਤੁਹਾਡਾ ਸਾਥੀ ਹਾਂ, ਹੁਣ ਸੋਚੋ ਅੱਲਾਹ ਵੱਲੋਂ ਦਿੱਤੀ ਖ਼ੁਸ਼ਖ਼ਬਰੀ ਵਿੱਡੀ ਹੈ ਜਾਂ ਇੱਕ ਵਿਅਕਤੀ ਵੱਲੋਂ, ਪਰੰਤੂ ਅਫ਼ਸੋਸ ਹੈ ਸਾਡੀਆਂ ਅਕਲਾਂ,ਸਾਡੇ ਈਮਾਨ, ਸਾਡੇ ਵਿਸ਼ਵਾਸ ਅਤੇ ਸਾਡੇ ਭਰੋਸੇ ਉੱਤੇ, ਅਸੀਂ ਰੱਬ ਦੀ ਖ਼ੁਸ਼ਖ਼ਬਰੀ ਨੂੰ ਨਹੀਂ ਸਮਝਦੇ ।

## ਤੀਜੀ ਖ਼ੁਸ਼ਖ਼ਬਰੀ:

ਜੰਨਤ ਵਿੱਚ ਤੁਸੀਂ ਜੋ ਕੁਝ ਮੰਗੋਗੇ ਉਹ ਵੀ ਮਲੇਗਾ ਅਤੇ ਜੋ ਤੁਹਾਡੇ ਮਨ ਵਿੱਚ ਖ਼ਿਆਲ ਆਵੇਗਾ ਉਹ ਵੀ ਤੁਹਾਡੇ ਸਾਹਮਣੇ ਆ ਜਾਵੇਗਾ।

## ਚੌਥੀ ਖ਼ੁਸ਼ਖ਼ਬਰੀ:

ਜੰਨਤ ਵਿੱਚ ਮੇਜ਼ਬਾਨੀ ਅੱਲਾਹ ਵੱਲੋਂ ਹੋਵੇਗੀ। ਕਿੰਨੀ ਵੱਡੀ ਖ਼ੁਸ਼ਖ਼ਬਰੀ ਹੈ ਕਿ ਜੰਨਤ ਦੀ ਮੇਜ਼ਬਾਨੀ ਖ਼ੁਦ ਅੱਲਾਹ ਵੱਲੋਂ ਹੋਵੇਗੀ, ਉਸ ਦੇ ਮਹਿਮਾਨ ਨੇਕ ਬੰਦੇ ਹੋਣਗੇ,ਉਹ ਅੱਲਾਹ ਜਿਹੜਾ ਤੁਹਾਡੇ ਗੁਨਾਹਾਂ ਨੂੰ ਮੁਆਫ਼ ਕਰਨ ਵਾਲਾ, ਬੇ-ਹਦ ਮਿਹਰਬਾਨ, ਤੁਹਾਡੇ ਗੁਨਾਹਾਂ ਨੂੰ ਲੁਕਾਉਣ ਵਾਲਾ ਆਪਣੀ ਮਿਹਰ ਦੇ ਨਾਲ, ਆਪਣੀ ਮੁਹੱਬਤ ਦੇ ਨਾਲ ਤੁਹਾਡੇ ਉੱਤੇ ਵਾਰ-ਵਾਰ ਰਹਿਮ ਕਰਨ ਵਾਲਾ। ਇਸ ਅੱਲਾਹ ਵੱਲੋਂ ਤੁਹਾਡੀ ਮਹਿਮਾਨ –ਨਵਾਜ਼ੀ ਹੋਵੇਗੀ। ਇਹ ਸਾਰੀਆਂ ਖ਼ੁਸ਼ਖ਼ਬਰੀਆਂ ਕਿਹੜੇ ਲੋਕਾਂ ਲਈ ਹਨ? ਉਨ੍ਹਾਂ ਦੇ ਲਈ ਜਿਹੜੇ ਅੱਲਾਹ ਨੂੰ ਆਪਣਾ ਰੱਬ,ਆਪਣਾ ਇਸ਼ਟ ਮੰਨ ਕੇ ਇਸ ਤੇ ਡਟ ਜਾਂਦੇ ਹਨ।

## ਅੱਲਾਹ ਨੂੰ ਆਪਣਾ ਰੱਬ ਮੰਨਣ ਦੇ ਦੁਨਿਆਂਵੀ ਲਾਭ:

[“ਅਤੇ ਜੇਕਰ ਇਨ੍ਹਾਂ ਬਸਤੀਆਂ ਦੇ ਰਹਿਣ ਵਾਲੇ ਈਮਾਨ ਲਿਆਉਂਦੇ ਅਤੇ ਰੱਬ ਤੋਂ ਡਰਦੇ ਤਾਂ ਅਸੀਂ ਉਨ੍ਹਾਂ ਉੱਤੇ ਅਸਮਾਨਾਂ ਅਤੇ ਜ਼ਮੀਨ ਦੀਆਂ ਬਰਕਤਾਂ ਖੋਲ੍ਹ ਦਿੰਦੇ ਪਰ ਉਨ੍ਹਾਂ ਦੀਆਂ ਕਰਤੂਤਾਂ ਦੇ ਬਦਲੇ ਫੜ ਲਿਆ” ਸੂਰਤ ਅਲ-ਆਰਾਫ਼, ਆਇਤ੯੬)

ਕੁਰਆਨ ਦੀ ਇਸ ਆਇਤ ਵਿੱਚ ਰੱਬ ਨੇ ਇੱਕ ਆਮ ਅਸੂਲ ਅਤੇ ਕਾਇਦੇ ਬਾਰੇ ਦੱਸਿਆ ਹੈ ਕਿ ਜਿਹੜੇ ਵੀ ਅੱਲਾਹ ਉੱਤੇ ਈਮਾਨ ਲਿਆਉਂਦੇ ਹਨ ਰੱਬ ਉਨ੍ਹਾਂ ’ਤੇ

ਆਸਮਾਨਾਂ ਤੋਂ ਬਰਕਤਾਂ ਖੋਲ੍ਹ ਦਿੰਦੇ ਹਨ ਅਤੇ ਜੇਕਰ ਬੰਦੇ ਹੱਟ ਧਰਮੀ ਕਰਦੇ ਹਨ ਉਸ ਨੂੰ ਝੁਠਲਾਉਂਦੇ ਹਨ ਤਾਂ ਫੇਰ ਅੱਲਾਹ ਦੀ ਪਕੜ ਵੀ ਬਹੁਤ ਸਖ਼ਤ ਹੈ।

ਕੁਰਆਨ ਵਿੱਚ ਇੱਕ ਹੋਰ ਥਾਂ ਆਉਂਦਾ ਹੈ ਕਿ:

"ਅਤੇ ਮੈਨੂੰ ਕਿਹਾ ਆਪਣੇ ਰੱਬ ਤੋਂ ਆਪਣੇ ਗ਼ੁਨਾਹ ਬਖ਼ਸ਼ਵਾ ਲਵੋ(ਮੁਆਫ਼ੀ ਮੰਗੋ)ਉਹ ਯਕੀਨਨ ਵੱਡਾ ਬਖ਼ਸ਼ਣ ਵਾਲਾ ਹੈ(10)ਉਹ ਤੁਹਾਡੇ ਉੱਤੇ ਅਸਮਾਨਾਂ ਨੂੰ ਖ਼ੁਬ ਬਰਸਦਾ ਹੋਇਆ ਛੱਡ ਦੇਵੇਗਾ(11)ਅਤੇ ਤੁਹਾਨੂੰ ਖ਼ੂਬ ਮਾਲ ਅਤੇ ਔਲਾਦ ਵਿੱਚ ਤਰੱਕੀ ਦੇਵੇਗਾ ਅਤੇ ਤੁਹਾਨੂੰ ਬਾਗ਼ ਦੇਵੇਗਾ ਅਤੇ ਤੁਹਾਡੇ ਲਈ ਨਹਿਰਾਂ ਕੱਢ ਦੇਵੇਗਾ(12)" (ਸੂਰਤ ਨੂੰਹ,ਆਇਤ 10ਤੋਂ 12)

ਇਹ ਕਹਿਣਾ ਕਿਸ ਦਾ ਸੀ ਕਿ ਆਪਣੇ ਰੱਬ ਤੋਂ ਆਪਣੇ ਗ਼ੁਨਾਹਾਂ ਦੀ ਮੁਆਫ਼ੀ ਮੰਗੋ? ਇਹ ਕਹਿਣਾ ਰੱਬ ਵੱਲੋਂ ਭੇਜੇ ਗਏ ਨਬੀ ਨੂੰਹ (ਅਲੈ.)ਦਾ ਸੀ। ਉਨ੍ਹਾਂ ਨੇ ਆਪਣੀ ਕੌਮ ਨੂੰ ਸਮਝਾਇਆ ਸੀ ਕਿ ਆਪਣੇ ਗ਼ੁਨਾਹਾਂ ਦੀ ਮੁਆਫ਼ੀ ਮੰਗੋ। ਜਿਵੇਂ ਕਿ ਦੱਸਿਆਂ ਜਾ ਚੁਕਾ ਹੈ ਕਿ ਸਭ ਤੋਂ ਵੱਡਾ ਗ਼ੁਨਾਹ ਅੱਲਾਹ ਦਾ ਸਾਂਝੀਦਾਰ ਬਣਾਉਣਾ ਹੈ। ਜਦੋਂ ਮਨੁੱਖ ਅੱਲਾਹ ਉੱਤੇ ਈਮਾਨ ਲਿਆਉਣ ਤੋਂ ਬਾਅਦ ਆਪਣੇ ਗ਼ੁਨਾਹਾਂ ਦੀ ਬਖ਼ਸ਼ਿਸ਼ ਮੰਗਦਾ ਤਾਂ ਅੱਲਾਹ ਪਾਕ ਉਸ ਦੇ ਗ਼ੁਨਾਹਾਂ ਨੂੰ ਤਾਂ ਮੁਆਫ਼ ਕਰਦਾ ਹੀ ਹੈ, ਭਾਵ ਕਿ ਮੁਆਫ਼ੀ ਮੰਗਣ ਵਾਲਾ ਮਨੁੱਖ ਕਿਸੇ ਵੀ ਉਮਰ ਵਿੱਚ ਹੋਵੇ, ਭਾਵੇ ਉਸ ਤੋਂ ਕਿੰਨੇ ਹੀ ਗ਼ੁਨਾਹ ਹੋਵੇ ਹੋਣ ਸਭ ਦੀ ਮੁਆਫ਼ੀ ਹੈ ਅਤੇ ਰੱਬ ਖ਼ੁਸ਼ ਹੁੰਦਾ ਹੈ। ਫੇਰ ਰੱਬ ਖ਼ੁਸ਼ ਹੋਣ 'ਤੇ ਇਸ ਦੁਨੀਆਂ ਦੇ ਵਿੱਚ ਵੀ ਇਨਾਮ ਦਿੰਦਾ ਹੈ। ਉਹ ਹੈ ਮਾਲ, ਦੌਲਤ, ਔਲਾਦ, ਨਹਿਰਾਂ,ਬਾਗ ਇਹ ਸਾਰੇ ਲਾਭ ਉਨ੍ਹਾਂ ਲੋਕਾਂ ਦੇ ਲਈ ਹਨ ਜਿਹੜੇ ਅੱਲਾਹ ਨੂੰ ਆਪਣਾ ਰੱਬ ਆਪਣਾ ਇਸ਼ਟ ਮੰਨ ਲੈਂਦੇ ਹਨ।

## ਅੰਤ ਸੱਚੇ ਰੱਬ ਦੀ ਪਹਿਚਾਣ

***